# ਹਿੰਦੋਸਤਾਨ ਵਿਚ ਫਿਰਕੂ ਹਿੰਸਾ ਦੀ ਉਤਪਤੀ

ਸਰਕਾਰੀ ਸੂਚਨਾਵਾਂ ਕਹਿੰਦੀਆਂ ਹਨ ਕਿ ਗੁਜਰਾਤ ਵਿਚ ਹੋਈ ਫਿਰਕੂ ਹਿੰਸਾ ਦੇ ਹੁਣ ਤੱਕ ਕਈ ਸੌ ਲੋਕ ਸ਼ਿਕਾਰ ਬਣ ਚੁਕੇ ਹਨ। ਗੈਰ ਸਰਕਾਰੀ ਸੂਤਰਾਂ ਦਾ ਦਾਅਵਾ ਹੈ ਕਿ ਫਿਰਕੂ ਕਤਲੇਆਮ ਦੀ ਬਲੀ ਚੜ੍ਹ ਗਏ ਲੋਕਾਂ ਦੀ ਤਾਦਾਦ ੫-੬ ਹਜ਼ਾਰ ਤੱਕ ਹੈ। ਇਹ ਕਤਲੋਗਾਰਤ ਆਪਮੁਹਾਰੇ ਹੀ ਨਹੀਂ ਸੀ ਸ਼ੁਰੂ ਹੋ ਗਈ ਬਲਕਿ ਪੂਰੀ ਤਿਆਰੀ ਨਾਲ ਜਥੇਬੰਦ ਕੀਤੀ ਗਈ ਸੀ। ਹਿੰਦੋਸਤਾਨ ਦੇ ਅਖ਼ਬਾਰਾਂ ਵਿਚ ਛਪੀਆਂ ਹੇਠ ਲਿਖੀਆਂ ਰਿਪੋਟਾਂ ਇਨ੍ਹਾਂ ਘਟਨਾਵਾਂ ਦਾ ਵੇਰਵਾ ਇੰਜ ਦਸਦੀਆਂ ਹਨਃ

"ਡਰ ਦੇ ਮਾਰੇ ਅਹਿਮਦਾਬਾਦ ਦੇ ਬਹੁਤੇ ਮੁਸਲਮਾਨ ਪਿਛਲੇ ਹਫਤੇ ਰਿਲੀਫ਼ ਕੈਂਪਾਂ ਅਤੇ ਹੋਰ ਡੇਰਿਆਂ ਵਿਚ ਆ ਗਏ। ਪਿਛਲੇ ਤਿੰਨ ਦਿਨਾਂ ਦੀ ਗੜਬੜ, ਖ਼ੂਨਖ਼ਰਾਬੇ ਅਤੇ ਹਿੰਸਾ ਤੋਂ ਬਾਅਦ ਲੋਕਾਂ ਦਾ ਪੁਲਿਸ ਤੇ ਸਰਕਾਰ ਵਿਚ ਕੋਈ ਵਿਸ਼ਵਾਸ ਨਹੀਂ ਰਿਹਾ। ਹੁਣ ਇਹ ਚੀਜ਼ ਸਪੱਸ਼ਟ ਹੋ ਗਈ ਹੈ ੨੮ਫ਼ਰਵਰੀ ਦੀਆਂ ਘਟਨਾਵਾਂ ਸਟੇਟ ਮਸ਼ੀਨਰੀ ਅਤੇ ਹਾਕਮ ਪਾਰਟੀ ਭਾਜਪਾ ਦੀ ਮਿਲੀਭੁਗਤ ਦੇ ਬਗੈਰ ਨਹੀਂ ਸਨ ਵਾਪਰ ਸਕਦੀਆਂ। ਵਿਸ਼ਵ ਹਿੰਦੂ ਪਰੀਸ਼ਦ ਅਤੇ ਬਜਰੰਗ ਦਲ ਦੇ ਹਿੰਸਕ ਟੋਲੇ ਮੁਸਲਮਾਨਾਂ ਦੇ ਘਰਾਂ, ਦੁਕਾਨਾਂ ਅਤੇ ਹੋਰ ਕਾਰੋਬਾਰਾਂ ਦੀ ਬਰਬਾਦੀ ਕਰਦੇ ਰਹੇ। ਸਾਰੇ ਨਿਰਪੱਖ ਸੂਤਰਾਂ ਦਾ ਕਹਿਣਾਂ ਹੈ ਕਿ ਇਹ ਕਤਲੇਆਮ ਤੇ ਬਰਬਾਦੀ ਇਕ ਬਹੁਤ ਸੋਚੀ ਸਮਝੀ ਯੋਜਨਾਂ ਅਨੁਸਾਰ ਘਟ-ਗਿਣਤੀ ਲੋਕਾਂ ਨੂੰ ਇਕ ਸਬਕ ਸਿਖਾਉਣ ਦੇ ਇਰਾਦੇ ਨਾਲ ਕੀਤੀ ਗਈ। ਚਸ਼ਮਦੀਦ ਗਵਾਹਾਂ ਨੇ ਇਸ ਰਿਪੋਰਟਰ ਨੂੰ ਦਸਿਆ ਕਿ ਪੁਲਸਵਾਲੇ ਖ਼ੁਦ ਹਿੰਸਕ ਟੋਲਿਆਂ ਨੂੰ ਦੱਸ ਰਹੇ ਸਨ ਕਿ ਮੁਸਲਮਾਨਾਂ ਦੇ ਘਰ ਅਤੇ ਕਾਰੋਬਰ ਕਿਹੜੇ ਕਿਹੜੇ ਸਨ ਅਤੇ ਫ਼ਸਾਦੀਆਂ ਨੂੰ ਹਲਾਸ਼ੇਰੀ ਦੇ ਰਹੇ ਸਨ ਕਿ ਇਨ੍ਹਾਂ ਦਾ ਫ਼ਸਤਾ ਵੱਢ ਦਿਓ।"

"ਗੁਜਰਾਤ ਵਿਚ ਹੋਏ ਹਿੰਸਕ ਫਸਾਦਾਂ ਦਾ ਇਕ ਵਿਸ਼ੇਸ਼ ਪੈਟਰਨ ਹੈ ਜੋ ਦਸਦਾ ਹੈ ਕਿ ਇਸਦਾ ਮੰਤਵ ਘਟ-ਗਿਣਤੀ ਦੇ ਸਾਰੇ ਲੋਕਾਂ ਨੂੰ ਉਜਾੜ ਕੇ ਬਾਹਰ ਕੱਢਣਾਂ ਸੀ। ਜਿਸ ਢੰਗ ਨਾਲ ਗਰੀਬ-ਅਮੀਰ ਸਾਰਿਆਂ ਨੂੰ ਹਮਲੇ ਦਾ ਸ਼ਿਕਾਰ ਬਣਾਇਆ ਗਿਆ ਇਸ ਤੋਂ ਸ਼ੱਕ ਪੈਂਦੀ ਹੈ ਕਿ ਵੋਟਰ ਲਿਸਟਾਂ ਦੀ ਦੁਰਵਰਤੋਂ ਰਾਹੀਂ ਮੁਸਲਮਾਨਾਂ ਦੇ ਕਾਰੋਬਾਰਾਂ ਅਤੇ ਘਰਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਉਤੇ ਹਮਲੇ ਕੀਤੇ ਗਏ।`

ਪ੍ਰੈਸ ਵਿਚ ਛਪੀਆਂ ਇਨ੍ਹਾਂ ਖ਼ਬਰਾਂ ਤੋਂ ਵੀ ਇਹੋ ਸੰਕੇਤ ਮਿਲਦਾ ਹੈਃ

"ਦੁਪਿਹਰ ਹੋਣ ਤੱਕ ਅਹਿਮਦਾਬਾਦ ਦੇ ਮੇਅਰ ਹਿਮਤਸਿੰਹ ਪਟੇਲ ਨੂੰ ਇਹ ਗੱਲ ਮੰਨਣੀ ਪਈ ਕਿ ਸ਼ਹਿਰ ਵਿਚ ਫ਼ਸਾਦੀ ਟੋਲਿਆਂ ਦਾ ਬੋਲਬਾਲਾ ਹੈ। ਉਸਨੇ ਮੰਨਿਆਂ ਕਿ ਅਹਿਮਦਾਬਾਦ ਵਿਚ ੧੫ ਲੋਕਾਂ ਨੂੰ ਕਤਲ ਕੀਤਾ ਜਾ ਚੁਕਾ ਹੈ। ਪਰ ਪੁਲਿਸ ਕਮਿਸ਼ਨਰ ਪੀ.ਸੀ.ਪਾਂਡੇ ਕਹਿੰਦਾ ਸੀ ਉਹਨੂੰ ਸਿਰਫ਼ ੬ ਬੰਦੇ ਮਰੇ ਜਾਣ ਦੀ ਹੀ ਖ਼ਬਰ ਹੈ।"

"ਹਿੰਸਾ ਨੂੰ ਰੋਕਣ ਲਈ ਪੁਲਿਸ ਨੇ ਤੱਦ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਦ ਤੱਕ ਭੀੜ ਨੇ ਦੋ ਵਜੇ ਦੇ ਕਰੀਬ ਪੀ.ਸੀ.ਪਾਂਡੇ ਦੇ ਦਫ਼ਤਰ ਉਤੇ ਪੱਥਰ ਮਾਰਨੇ ਸ਼ੁਰੂ ਨਹੀਂ ਕੀਤੇ। ਹਾਲਾਂਕਿ ਇਕ ਵਜੇ ਦੇ ਕਰੀਬ ਪੁਲਿਸ ਕਮਿਸ਼ਨਰ ਦੇ ਦਫ਼ਤਰ ਦੇ ਬਿਲਕੁਲ ਸਾਹਮਣੇ ਭਗਵਤੀ ਬਿਲਡਿੰਗ ਨੂੰ ਫ਼ਸਾਦੀਆਂ ਨੇ ਅੱਗ ਦੇ ਹਵਾਲੇ ਕਰ ਦਿਤਾ ਅਤੇ ਇਸਦੇ ਨਾਲ ਲਗਦੀ ਇਕ ਇਬਾਦਤਗਾਹ ਨੂੰ ਲੁਟ ਲਿਆ ਸੀ।"

"ਪਾਂਡੇ ਦੇ ਸਟਾਫ਼ ਦੀ ਬੇਹਰਕਤੀ ਬਾਰੇ ਉਸ ਤੋਂ ਪੁਛਿਆ ਗਿਆ ਤਾਂ ਉਸਨੇ ਜਵਾਬ ਦੇਣ ਤੋਂ ਇਨਕਾਰ ਕਰ ਦਿਤਾ। ਪਾਂਡੇ ਨੇ ਵਿਧਾਇਕ ਜਾਫ਼ਰੀ ਦੇ ਕਤਲ ਬਾਰੇ ਵੀ ਬਿਲਕੁਲ ਲਾਇਲਮੀ ਦਸੀ ਹਾਲਾਂਕਿ ਉਸਦਾ ਕਤਲ ਕਦੋਂ ਦਾ ਹੀ ਹੋ ਚੁਕਾ ਸੀ"

ਇੰਡੀਅਨ ਐਕਸਪ੍ਰੈਸ ਨੂੰ ਕਈ ਪੁਲਿਸ ਅਫਸਰਾਂ ਨੇ ਇਹ ਗੱਲ ਦਸੀ ਹੈ ਕਿ ਉਨ੍ਹਾਂ ਨੂੰ ਹੁਕਮ ਸੀ ਕਿ ਫ਼ਸਾਦੀਆਂ ਨਾਲ "ਸਖ਼ਤੀ ਨਹੀਂ ਕਰਨੀ" ਅਤੇ ਇਕ ਹੋਰ ਅਫ਼ਸਰ ਨੇ ਕਿਹਾ ਕਿ "ਸਰਕਾਰ ਵਲੋਂ ਕਿਸੇ ਨੇ ਵੀ ਸਾਫ਼ ਨਹੀਂ ਕੀਤਾ ਕਿ ਕੀ ਕਰਨਾ ਹੈ"

"ਸਭ ਤੋਂ ਵੱਧ ਹੈਰਤਵਾਲੀ ਗੱਲ ਹਿਤੇਸ਼ਵਰ ਸਰਕਲ ਵਿਚ ਵਾਪਰੀ ਜਿਥੇ ਤਿੰਨ ਘਰ ਅੱਗ ਦੀ ਲਪੇਟ ਵਿਚ ਸਨ ਅਤੇ ਉਥੋਂ ੧੦੦ ਫੁਟ ਦੂਰ ਇਕ ਦੁਕਾਨ ਵਿਚ ਪੁਲਿਸ ਵਾਲੇ, ਜਿਨ੍ਹਾਂ ਵਿਚ ਅਫ਼ਸਰ ਵੀ ਸਨ, ਅਰਾਮ ਨਾਲ ਕੁਰਸੀਆਂ ਤੇ ਬੈਠੇ ਸਨ। ਜਦੋਂ ਪੁਛਿਆ ਗਿਆ ਕਿ ਤੁਸੀਂ ਕੋਈ ਮੱਦਦ ਕਿਉਂ ਨਹੀਂ ਕਰਦੇ ਤਾਂ ਇਕ ਕਹਿਣ ਲੱਗਾ " ਇਨ੍ਹਾਂ ਨੂੰ ਵੀ ਕੁਝ ਕਰ ਲੈਣ ਦੇਵੋ।"

ਚਾਰ ਬੱਚਿਆਂ ਦੀ ਮਾਂ ਸੀਤਾ ਈਸ਼ਵਰ ਨੇ ਦਸਿਆ ਕਿ "ਸਾਡੇ ਬੰਦੇ ਕਈ ਵਾਰ ਪੁਲਿਸ ਕੋਲ ਮੱਦਦ ਲਈ ਗਏ ਪਰ ਕੋਈ ਨਹੀਂ ਬਹੁੜਿਆ" ਇਕ ਹੋਰ ਹਿੰਸਾਪੀੜਤ ਜਗਦੀਸ਼ ਪਰਮਾਰ ਨੇ ਖ਼ਬਰ ਏਜੰਸੀ ਰੈਡਿਫ਼ ਨਿਊਜ਼ ਨੂੰ ਦਸਿਆ ਕਿ, "ਚੌਕੀ ਤੇ ਬੈਠੇ ਪੁਲਸਵਾਲੇ ਸ਼ਰੇਆਮ ਫ਼ਸਾਦੀਆਂ ਨੂੰ ਹਲਾਸ਼ੇਰੀ ਦੇ ਰਹੇ ਸਨ।"

"ਜਿਸ ਹਜੂਮ ਨੇ ਗਾਂਧੀਨਗਰ ਵਿਚ ਸਾਡੀ ਕਾਰ ਤੇ ਹਮਲਾ ਕੀਤਾ, ਇਹ ਨਹੀਂ ਸੀ ਕਿ ਇਹ ਇਕ ਭੜਕਿਆ ਹੋਇਆ ਆਪਹੁਦਰਾ ਹਜੂਮ ਸੀ ਜੋ ਬੇਕਾਬੂ ਹੋ ਗਿਆ ਸੀ, ਬਲਕਿ ਅਸਲੀਅਤ ਇਹ ਹੈ ਕਿ ਇਹ ਕਾਨੂੰਨ ਤੋੜਨਵਾਲਿਆਂ ਦਾ ਇਕ ਹਜੂਮ ਸੀ ਜੋ ਜਾਣਦਾ ਸੀ ਕਿ ਉਹ ਜੋ ਮਰਜ਼ੀ ਕਰਨ ਉਨ੍ਹਾਂ ਦਾ ਕੋਈ ਵੀ ਕੁਝ ਨਹੀਂ ਵਿਗਾੜ ਸਕਦਾ ਕਿਉਂਕਿ ਕਿ ਕਾਨੂੰਨ ਬਣਾਉਣ ਵਾਲੇ ਉਨ੍ਹਾਂ ਦੀ ਪਿਠ ਤੇ ਖ਼ਲੋਤੇ ਹਨ। ਅਫ਼ਸੋਸ ਦੀ ਗੱਲ ਹੈ ਕਿ ਗੁਜਰਾਤ ਵਿਚ ਹਜੂਮ ਅਤੇ ਸਰਕਾਰ ਵਿਚ ਬਹੁਤਾ ਫ਼ਰਕ ਨਹੀਂ ਰਹਿ ਗਿਆ।"

"ਮਿਸਾਲ ਦੇ ਤੌਰ ਤੇ ਅਹਿਮਦਾਬਾਦ ਦੇ ਇਕ ਅਧਿਕਾਰੀ ਦਾ ਕਹਿਣਾਂ ਹੈ ਉਸਨੂੰ ਯਾਦ ਆ ਰਿਹਾ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਅਹਿਮਦਾਬਾਦ ਮਿਉਂਸਪਲ ਕਾਰਪੋਰੇਸ਼ਨ ਤੋਂ ਮੁਸਲਮਾਨਾਂ ਦੇ ਵਪਾਰਕ ਕਾਰੋਬਾਰਾਂ ਦੇ ਐਡਰੈਸ ਹਾਸਲ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਅਧਿਕਾਰੀ ਦਾ ਕਹਿਣਾਂ ਸੀ ਕਿ ਉਸ ਵੇਲੇ ਉਹਨੂੰ ਸਮਝ ਨਹੀਂ ਸੀ ਪਈ ਇਹ ਪੁਛਗਿਛ ਕਾਹਦੇ ਲਈ ਕੀਤੀ ਜਾ ਰਹੀ ਹੈ ਪਰ ਹੁਣ ਪਤਾ ਲੱਗ ਰਿਹਾ ਕਿ ਇਸਦੀ ਵਜਾਹ ਕੀ ਸੀ।"

"ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਲੰਟੀਅਰ ਯੂਨੀਵਰਸਟੀਆਂ ਅਤੇ ਹੋਰ ਪੇਸ਼ਾਵਰ ਅਦਾਰਿਆਂ ਦੇ ਚੱਕਰ ਲਾਉਂਦੇ ਰਹੇ ਤਾਂ ਕਿ ਮੁਸਲਮਾਨ ਵਿਦਿਆਰਥੀਆਂ ਦੇ ਨਾਂ ਪਤੇ ਹਾਸਲ ਕਰ ਸਕਣ। ਕਈ ਸਰਕਾਰੀ ਸੂਤਰ ਦਸਦੇ ਹਨ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੈਂਬਰਾਂ ਨੇ ਸਰਕਾਰੀ ਮਹਿਕਮਿਆਂ ਵਿਚ (ਮਿਸਾਲ ਵਜੋਂ ਫੂਡ ਕਾਰਪੋਰੇਸ਼ਨ ਆਫ਼ ਇੰਡੀਆ) ਕੰਮ ਕਰਨ ਵਾਲੇ "ਅਣਚਾਹੇ ਅੰਸਰਾਂ" ਦੇ ਨਾਮ ਅਤੇ ਪਤਿਆਂ ਦੀਆਂ ਸੂਚੀਆਂ ਬਣਾ ਰਖੀਆਂ ਹਨ। ਭਾਵੇਂ ਇਹ ਕਹਿਣਾਂ ਔਖਾ ਹੈ ਕਿ ੨੭ ਤੇ ੨੮ ਫਰਵਰੀ ਨੂੰ ਇਨ੍ਹਾਂ ਲਿਸਟਾਂ ਤੋਂ ਕਿਸ ਹੱਦ ਤੱਕ ਕੰਮ ਲਿਆ ਪਰ ਵੇਖਣ ਵਾਲਿਆਂ ਦਾ ਕਹਿਣਾਂ ਹੈ ਕਿ ੫੦ ਤੋਂ ਲੈ ਕੇ ੧੦੦ ਦੁਕਾਨਾਂ ਦੀ ਮਾਰਕਿਟ ਵਿਚੋਂ ਸਿਰਫ਼ ਘੱਟ ਗਿਣਤੀਆਂ ਦੀਆਂ ਦੁਕਾਨਾਂ ਨੂੰ ਹੀ ਹਮਲਿਆਂ ਦਾ ਨਿਸ਼ਾਨਾਂ ਬਣਾਉਣਾਂ ਸ਼ੱਕ ਪੈਦਾ ਕਰਦਾ ਹੈ ਲਿਸਟਾਂ ਦੀ ਵਰਤੋਂ ਜ਼ਰੂਰ ਹੋਈ।"

"ਦੰਗਿਆਂ ਵਿਚ ਸਟੇਟ ਪੁਲਿਸ ਦੀ ਮਿਲੀਭੁਗਤ ਕੋਈ ਨਵੀਂ ਗੱਲ ਨਹੀਂ ਤੇ ਸਿਰਫ਼ ਗੁਜਰਾਤ ਵਿਚ ਹੀ ਨਹੀਂ ਸਗੋਂ ਹੋਰ ਥਾਵੀਂ ਵੀ ਇਹੋ ਹੋਇਆ ਹੈ ਜਿਸ ਤੋਂ ਪੁਲਿਸ ਵਿਚ ਭਰਤੀ ਅਤੇ ਸਿਖਲਾਈ ਮੁਤੱਲਕ ਸਵਾਲ ਉਠਦੇ ਹਨ। ਪਰ ਜਿਵੇਂ ਕਿ ਇਕ ਪੁਲਿਸਵਾਲੇ ਦਾ ਕਹਿਣਾਂ ਸੀ ਕਿ ਇੰਡੀਅਨ ਸਿਸਟਮ ਵਿਚ ਉਪਰੋਂ ਆਰਡਰ ਆਉਣ ਦੀ ਉਡੀਕ ਕੀਤੀ ਜਾਂਦੀ ਹੈ ਤੇ ਗੁਜਰਾਤ ਦੇ ਫ਼ਸਾਦਾਂ ਵਿਚ ਪੂਰੇ ਦੋ ਦਿਨ ਉਪਰੋਂ ਕੋਈ ਹੁਕਮ ਨਹੀਂ ਆਇਆ ਕਿ ਅੱਗੇ ਕੀ ਕਰਨਾ ਹੈ। ਇਹ ਦੱਸਣਾਂ ਮੁਸ਼ਕਲ ਨਹੀਂ ਕਿ ਇਸ ਤਰ੍ਹਾਂ ਕਿਉਂ ਹੋਇਆ। ਜਦੋਂ ਗੁਜਰਾਤ ਦੀ ਭਾਜਪਾ ਨੇ ੨੮ ਫਰਵਰੀ ਦੇ ਵਿਸ਼ਵ ਹਿੰਦੂ ਪਰੀਸ਼ਦ ਦੇ ਸੱਦੇ ਉਤੇ ਸਟੇਟਬੰਧ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਤਾਂ ਹਾਲਤ ਹੋਰ ਖ਼ਰਾਬ ਹੋ ਗਈ। ਬਹੁਤ ਸਾਰੇ ਇਸ ਗੱਲ ਤੇ ਸਹਿਮਤ ਹਨ ਕਿ ਭਾਜਪਾ ਦੇ ਸਟੇਟਬੰਧ ਦੀ ਹਮੈਤ ਵਿਚ ਪਾਸ ਕੀਤੇ ਗਏ ਮਤੇ ਮਗਰੋਂ ਸਟੇਟ ਦੀਆਂ ਏਜੰਸੀਆਂ ਨੂੰ ਹਿੰਸਾ ਦੇ ਸ਼ਿਕਾਰਾਂ ਪ੍ਰਤੀ ਲਾਪ੍ਰਵਾਹੀ ਵਰਤਣ ਅਤੇ ਨਜ਼ਰਅੰਦਾਜ਼ੀ ਕਰਨ ਦਾ ਇਸ਼ਾਰਾ ਮਿਲ ਗਿਆ ਅਤੇ ਹਿੰਸਾ ਹੋਰ ਤੇਜ਼ ਹੋ ਗਈ। ਹੁਣ ਤੱਕ ਵਾਪਰੀਆਂ ਘਟਨਾਵਾਂ ਇਸ ਸਰਕਾਰੀ ਰਵੱਈਏ ਦੀ ਪੂਰੀ ਤਸਦੀਕ ਕਰਦੀਆਂ ਹਨ।"

## *ਸ੍ਰੀਕਰਿਸ਼ਨਾ ਕਮਿਸ਼ਨ ਦੀ ਰਿਪੋਰਟ ਦੇ ਕੁਝ ਅੰਸ਼ਃ*

"ਘੱਟੋ ਤੋਂ ਘੱਟ ੮ ਜਨਵਰੀ ੧੯੯੩ ਤੋਂ ਬਾਅਦ ਕੋਈ ਸ਼ੱਕ ਨਹੀਂ ਸੀ ਰਹਿ ਗਈ ਕਿ ਮੁਸਲਮਾਨਾਂ ਅਤੇ ਉਹਨਾਂ ਦੀਆਂ ਜਾਇਦਾਦਾਂ ਉਤੇ ਹਮਲੇ ਜਥੇਬੰਦ ਕਰਨ ਵਿਚ ਸ਼ਿਵ ਸੈਨਾ ਅਤੇ ਸ਼ਿਵ ਸੈਨਿਕਾਂ ਨੇ ਮੂਹਰੇ ਹੋਕੇ ਅਗਵਾਈ ਦਿਤੀ ਜਿਸ ਵਿਚ ਸ਼ਾਖਾ ਪ੍ਰਮੁਖ ਦੇ ਲੈਵਲ ਦੇ ਲੀਡਰਾਂ ਤੋਂ ਲੈਕੇ ਬਾਲ ਠਾਕਰੇ ਤੱਕ ਸ਼ਾਮਲ ਸਨ ਜੋ ਇਕ ਵੱਡੇ ਹੰਢੇ ਹੋਏ ਜਰਨੈਲ ਵਾਂਗ ਆਪਣੇ ਵਫ਼ਾਦਾਰ ਸੈਨਿਕਾਂ ਨੂੰ ਹੁਕਮ ਭੇਜਦਾ ਸੀ ਕਿ ਮੁਸਲਮਾਨਾਂ ਉਤੇ ਹਮਲੇ ਕਿਵੇਂ ਜਥੇਬੰਦ ਕਰਨ... ਹਰ ਪਾਸੇ ਫੈਲੀ ਹੋਈ ਹਿੰਸਾ ਨੂੰ ਹੋਰ ਭਰਕਾਉਣ ਵਿਚ ਸਾਮਨਾ ਅਤੇ ਨਵਾਕਾਲ ਵਰਗੇ ਅਖ਼ਬਾਰਾਂ-ਰਸਾਲਿਆਂ ਵਿਚ ਲਿਖਿਆਂ ਲੇਖਾਂ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ। ਇਹ ਪਰਚੇ ਸ਼ਿਵ ਸੈਨਾ ਦੇ ਆਗੂ ਬਾਲ ਠਾਕਰੇ ਦੇ ਹੱਥਾਂ ਵਿਚ ਸਨ। ਉਸ ਵੇਲੇ ਬਾਲ ਠਾਕਰੇ ਨੇ ਇਕ ਇੰਟਰਵਿਊ ਦਿਤੀ ਸੀ ਜਿਸ ਤੋਂ ਪਤਾ ਲਗਦਾ ਹੈ ਕਿ ਸ਼ਿਵ ਸੈਨਾ ਦਾ ਬਦਲਾਖੋਰੀ ਵਾਲਾ ਰਵੱਈਆ ਸੀ ਤੇ ਮਨੋਹਰ ਜੋਸ਼ੀ, ਸ੍ਰੀਸਰਪੋਤਦਾਰ ਅਤੇ ਸ਼ਿਵਸੈਨਿਕਾਂ ਦੀ ਸੋਚ ਅਨੁਸਾਰ " ਸ਼ਿਵ ਸੈਨਾ ਦੀ ਦਹਿਸ਼ਤ ਹੀ ਨਾਗਰਿਕਾਂ ਦੀ ਸਰੱਖਿਆ ਦੀ ਅਸਲੀ ਗਰੰਟੀ ਸੀ" ਸਿਵ ਸੈਨਾ ਦੀ ਹੁਲੜਬਾਜ਼ੀ ਨੂੰ ਹਲਾਸ਼ੇਰੀ ਦੇਣ ਵਾਲੀ ਇਹੋ ਸੋਚ ਹੀ ਸੀ।"

"ਸ਼ਿਵ ਸੈਨਾ ਮੁਸਲਮਾਨਾਂ ਉਤੇ ਹਮਲੇ ਕਰਨ ਲਈ ਪੂਰੀ ਤਿਆਰੀ ਕਰੀ ਬੈਠੀ ਸੀ। ਵੱਖ ਇਲਾਕਿਆਂ ਦੀਆਂ ਸ਼ਾਖਾਵਾਂ ਨੂੰ ਲੋਕਲ ਕਮਾਂਡ ਸੈਂਟਰਾਂ ਵਿਚ ਤਬਦੀਲ ਕਰ ਦਿਤਾ ਗਿਆ। ਮੁਸਲਮਾਨਾਂ ਉਤੇ ਸ਼ਿਵ ਸੈਨਿਕਾਂ ਨੇ ਬਹੁਤ ਵਿਉਂਤਬੰਦੀ ਨਾਲ ਹਮਲੇ ਕੀਤੇ ਉਨ੍ਹਾਂ ਕੋਲ ਵੋਟਰ ਲਿਸਟਾਂ ਅਤੇ ਮੁਸਲਮਾਨਾਂ ਦੇ ਕਾਰੋਬਾਰਾਂ ਦਾ ਪੂਰਾ ਪਤਾ ਮੌਜੂਦ ਸੀ।"

"ਹਮਲਿਆਂ ਦੇ ਸ਼ਿਕਾਰਾਂ, ਖ਼ਾਸ ਕਰ ਮੁਸਲਮਾਨਾਂ, ਵਲੋਂ ਮੱਦਦ ਲਈ ਕੀਤੀ ਚੀਕ-ਪੁਕਾਰ ਅਤੇ ਤਰਲਿਆਂ ਦਾ ਜਵਾਬ ਪੁਲਸ ਵਾਲਿਆਂ ਨੇ ਬੜੀ ਲਾਪ੍ਰਵਾਹੀ ਤੇ ਬੇਧਿਆਨੀ ਨਾਲ ਦਿਤਾ। ਕਈ ਮੌਕਿਆਂ ਤੇ ਉਨ੍ਹਾਂ ਦਾ ਜੁਆਬ ਇਹ ਸੀ ਕਿ ਉਹ ਆਪਣੀ ਚੌਂਕੀ ਛੱਡ ਕੇ ਨਹੀਂ ਜਾ ਸਕਦੇ ਤੇ ਕਈ ਵਾਰ ਰਵੱਈਆ ਇਹ ਸੀ ਕਿ ਜਿੰਨੇ ਮੁਸਲਮਾਨ ਮਰ ਜਾਣ ਓਨਾਂ ਈ ਚੰਗਾ।"

"ਪੁਲਸ ਅਫ਼ਸਰਾਂ ਅਤੇ ਸਿਪਾਹੀਆਂ, ਖ਼ਾਸ ਕਰ ਹੇਠਲੇ ਅਫਸਰਾਂ, ਵਿਚ ਮੁਸਲਮਾਨਾਂ ਦੇ ਪ੍ਰਤੀ ਇਕ ਕਿਸਮ ਦੀ ਘਿਰਣਾਂ ਮੌਜੂਦ ਲਗਦੀ ਸੀ ਜੋ ਹਿੰਸਾ ਦੇ ਸ਼ਿਕਾਰ ਮੁਸਲਮਾਨਾਂ ਵੱਲ ਉਨ੍ਹਾਂ ਦੇ ਵਤੀਰੇ ਤੋਂ ਜ਼ਾਹਰ ਹੁੰਦੀ ਸੀ। ਉਨ੍ਹਾਂ ਨਾਲ ਨਿਰਦਈ ਅਤੇ

ਬੇਰਹਿਮ ਅਤੇ ਬਹੁਤੀ ਦਫਾ ਗੈਰਇਨਸਾਨੀ ਢੰਗ ਨਾਲ ਸਲੂਕ ਕੀਤਾ ਗਿਆ ਜੋ ਪੁਲਿਸ ਦੀ ਇਜ਼ਤ ਵਿਚ ਵਾਧਾ ਨਹੀਂ ਕਰਦਾ। ਕਈ ਮੌਕਿਆਂ ਤੇ ਪੁਲਿਸ ਵਾਲੇ ਹਿੰਦੂ ਦੰਗਾਕਾਰੀਆਂ ਨਾਲ ਰਲੇ ਹੋਏ ਵੇਖਣ ਵਿਚ ਆਏ ਤੇ ਚੁਪਚਾਪ ਤਮਾਸ਼ਾ ਵੇਖਦੇ ਰਹੇ..."

"ਦੰਗਿਆਂ ਨਾਲ ਸਬੰਧਤ ਬਕਾਇਦਾ ਦਰਜ ਕਰਾਏ ਗਏ ਕੇਸਾਂ ਦੀ ਜਾਂਚ-ਪੜਤਾਲ ਵੀ ਬਹੁਤ ਹੀ ਗੈਰਤਸੱਲੀਬਖ਼ਸ਼ ਢੰਗ ਨਾਲ ਕੀਤੀ ਗਈ। ਪੜਤਾਲ ਕਰਨ ਵਾਲੇ ਅਧਿਕਾਰੀ ਬੇਦਿਲੀ, ਨਿਰਉਤਸ਼ਾਹੀ ਅਤੇ ਟਾਲਮਟੋਲ ਵਾਲੇ ਤਰੀਕੇ ਨਾਲ ਕੰਮ ਕਰਦੇ ਰਹੇ। ਦੋਸ਼ੀਆਂ ਦੇ ਸੁਰਾਗ ਮੌਜੂਦ ਸਨ ਪਰ ਦੋਸ਼ੀਆਂ ਦਾ ਕੋਈ ਪਿਛਾ ਨਹੀਂ ਕੀਤਾ ਗਿਆ ਤੇ ਨਾਂ ਹੀ ਗ੍ਰਿਫ਼ਤਾਰੀਆਂ ਕੀਤੀਆਂ ਖ਼ਾਸਕਰ ਜਦੋਂ ਸ਼ੱਕੀ ਬੰਦੇ ਹਿੰਦੂ ਸਨ ਤੇ ਸ਼ਿਵ ਸੈਨਕ ਸਨ ਜਾਂ ਸ਼ਿਵ ਸੈਨਾਂ ਨਾਲ ਸਬੰਧਤ ਸਨ।"

## *੧੯੮੪ ਵਿਚ ਸਿਖਾਂ ਦੇ ਕਤਲੇਆਮਃ*

੧੯੮੪ ਵਿਚ ਦਿਲੀ ਵਿਚ ਸਿਖਾਂ ਦੇ ਕਤਲੇਆਮ ਵਿਚ ਪੁਲਸ ਦੀ ਹੈਰਾਨੀਜਨਕ ਮਿਲੀਭੁਗਤ ਨੂੰ ਜੀ.ਟੀ.ਨਾਨਵਤੀ ਕਮਿਸ਼ਨ ਦੀ ਹੁਣ ਤੱਕ ਕੀਤੀ ਇਨਕੁਆਰੀ ਨੇ ਨੰਗਿਆਂ ਕੀਤਾ। ਇਸ ਕਮਿਸ਼ਨ ਨੂੰ ਐਨ.ਡੀ.ਪੀ. ਦੀ ਸਰਕਾਰ ਨੇ ੧੦ ਮਈ ੨੦੦੦ ਨੂੰ ਕਾਇਮ ਕੀਤਾ ਸੀ ਕਿ ਜਾਂਚ ਕਰੇ ਕਿ ਜਿਸ ਤਰੀਕੇ ਨਾਲ ਸਿੱਖਾਂ ਉਤੇ ਹਮਲੇ ਹੋਏ ਉਸ ਦੀ ਕੀ ਵਜ੍ਹਾ ਸੀ ਤੇ ਇਹ ਵੀ ਪਤਾ ਕਰੇ ਕਿ ਆਪਣੀ ਜ਼ੁੰਮੇਵਾਰੀ ਨਾ ਪੂਰੀ ਕਰਨ ਵਿਚ ਸਟੇਟ ਅਧਿਕਾਰੀਆਂ ਕਿਥੋਂ ਤੱਕ ਚਲੇ ਗਏ। ਇਹ ਕਮਿਸ਼ਨ ਦਿਲੀ ਦੇ ਤਿੰਨ ਪੁਲਿਸ ਹਲਕਿਆਂ, ਨਵੀਂ ਦਿਲੀ, ਕੇਂਦਰੀ ਦਿਲੀ ਅਤੇ ਪੂਰਬੀ ਦਿਲੀ ਵਿਚ ਹੋਈਆਂ ਵਾਰਦਾਤਾਂ ਦੀ ਪੜਤਾਲ ਕਰ ਰਿਹਾ ਹੈ। ਕਮਿਸ਼ਨ ਦੀ ਹੁਣ ਤੱਕ ਕੀਤੀ ਹੋਈ ਜਾਂਚ ਦੌਰਾਨ ਦਿਤੇ ਗਏ ਬਿਆਨਾ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਪੁਲਿਸ ਦੇ ਬਹੁਤੇ ਅਧਿਕਾਰੀ ਦੰਗਾਕਾਰੀਆਂ ਦੀ ਲੁਕਵੀਂ ਮੱਦਦ ਕਰਦੇ ਰਹੇ ਤੇ ਕਈਆਂ ਨੇ ਸਿਧੇ ਤੌਰ ਤੇ ਵੀ ਫਸਾਦਾਂ ਵਿਚ ਹਿਸਾ ਲਿਆ।

"ਅਕਾਲੀ ਦਲ ਦੇ ਯੂਥ ਵਿੰਗ ਦੇ ਉਸ ਵੇਲੇ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਭੋਗਲ ਨੇ ਇਲਜ਼ਾਮ ਲਾਇਆ ਕਿ ਪੁਲਿਸ ਨੇ ਆਪ ਫਸਾਦਾਂ ਵਿਚ ਹਿਸਾ ਲਿਆ। ਕਮਿਸ਼ਨ ਦੇ ਸਾਹਮਣੇ ਸ਼ਹਾਦਤ ਦਿੰਦਿਆਂ ਭੋਗਲ ਨੇ ਦਸਿਆ ਕਿ ਹਰਿਆਣਾ ਵਿਚ ਕਰਨਾਲ ਦੇ ਲਾਗੇ ਤੋਂ ਮਧੂਬਨ ਪੁਲੀਸ ਟਰੇਨਿੰਗ ਸੈਂਟਰ ਵਿਚੋਂ ਪੁਲਿਸ ਵਾਲਿਆਂ ਨੂੰ ਦਿਲੀ ਵਿਚ ਦੰਗੇ ਕਰਾਉਣ ਲਈ ਭੇਜਿਆ ਗਿਆ। ਉਸਨੇ ਕਿਹਾ ਕਿ ੨ ਨਵੰਬਰ ੧੯੮੪ ਨੂੰ ਲਾਠੀਆਂ ਤੇ ਲੋਹੇ ਦੇ ਡੰਡਿਆਂ ਨਾਲ ਲੈਸ ਇਕ ਟੋਲੇ ਨੇ ਦਿਲੀ ਦੇ ਆਸ਼ਰਮ ਇਲਾਕੇ ਵਿਚ ਫਸਾਦ ਸ਼ੁਰੂ ਕੀਤੇ। ਉਸਨੇ ਤੇ ਉਸਦੇ ਦੇ ਸਾਥੀਆਂ ਨੇ ਇਕ ਫਸਾਦੀ ਨੂੰ ਕਾਬੂ ਕਰ ਲਿਆ ਜੋ ਬਾਅਦ ਵਿਚ ਪੁਲਿਸ ਵਾਲਾ ਨਿਕਲਿਆ। ਭੋਗਲ ਦਾ ਕਹਿਣਾਂ ਸੀ, "ਉਹਦੇ ਕੋਲੋਂ ਹਰਿਆਣਾਂ ਪੁਲਿਸ ਦਾ ਸ਼ਨਾਖ਼ਤੀ ਕਾਰਡ ਲੱਭਿਆ ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਉਹਦੇ ਨਾਲ ਦਿਆਂ ਵਿਚ ਹੋਰ ਵੀ ਮਧੂਬਨ ਸੈਂਟਰ ਦੇ ਪੁਲਸੀਏ ਸਨ ਜੋ ਦਿਲੀ ਵਿਚ ਫਸਾਦ, ਬਦਅਮਨੀ ਅਤੇ ਲਾਕਾਨੂੰਨੀ ਕਰਾਉਣ ਲਈ ਭੇਜੇ ਗਏ।"

"ਹੋਰ ਗਵਾਹਾਂ ਦਾ ਕਹਿਣਾਂ ਸੀ ਕਿ ਸਿਰਫ਼ ਇਹੋ ਨਹੀਂ ਕਿ ਪੁਲਿਸ ਨੇ ਫਸਾਦੀਆਂ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਬਲਕਿ ਉਨ੍ਹਾਂ ਨੂੰ ਜਾਇਦਾਦਾਂ ਦੀ ਲੁਟ ਮਾਰ ਕਰਨ ਦੀ ਹਲਾਸ਼ੇਰੀ ਦਿੰਦੇ ਰਹੇ ਤੇ ਸਿਖਾਂ ਨੂੰ ਆਪਣੇ ਘਰਾਂ ਵਿਚੋਂ ਬਾਹਰ ਆਕੇ ਆਪਣੇ ਜਾਨਮਾਲ ਦੀ ਰਾਖੀ ਕਰਨ ਤੋਂ ਰੋਕਦੇ ਰਹੇ। ਈਸ਼ਰ ਕੌਰ ਨਾਂ ਦੀ ਇਕ ਗਵਾਹ ਨੇ ਬਿਆਨ ਦਿੰਦਿਆਂ ਕਿਹਾ ਕਿ ਜਦੋਂ ਦੰਗਾਕਾਰੀ ਟੋਲੇ ਸਿਖਾਂ ਦੀ ਜਾਇਦਾਦ ਦੀ ਲੁਟਮਾਰ ਕਰ ਰਹੇ ਸਨ ਤਾਂ ਪੁਲਿਸ ਨੇ ਉਸਦੇ ਟੱਬਰ ਨੂੰ ਆਪਣਾਂ ਟਰੱਕ ਗੁਰਦੁਆਰੇ ਲਿਜਾਣ ਦੀ ਇਜਾਜ਼ਤ ਨਾ ਦਿਤੀ। ਉਸਨੇ ਕਿਹਾ, "ਜਦੋਂ ਅਸੀਂ ਟਰੱਕ ਗੁਰਦੁਆਰੇ ਲਿਜਾਣ ਲੱਗੇ ਤਾਂ ਪੁਲਿਸ ਨੇ ਆਪਣੀ ਜੀਪ ਮਹੁਰੇ ਖੜੀ ਕਰਕੇ ਸਾਨੂੰ ਰੋਕ ਲਿਆ ਤੇ ਟਰੱਕ ਵਾਪਿਸ ਲਿਜਾਣ ਦਾ ਹੁਕਮ ਦਿਤਾ।"

ਉਸ ਵੇਲੇ ਜਸਟਿਸ ਵੀ.ਕਰਿਸ਼ਨਾ. ਆਇਰ ਨੇ ਲਿਖਿਆ ਸੀ, " ਜਦੋਂ ਕਦੇ ਹਿੰਦੋਸਤਾਨ ਦੇ ਪਿਛਲੇ ਪੰਜਾਹ ਸਾਲਾਂ ਦਾ ਮਨੁਖੀ ਅਧਿਕਾਰਾਂ ਦਾ ਇਤਹਾਸ ਲਿਖਿਆ ਗਿਆ ਤਾਂ ਇਸਦੇ ਲਹੂ ਨਾਲ ਸੱਭ ਤੋਂ ਬਹੁਤੇ ਭਿਜੇ ਹੋਏ ਸਫ਼ੇ ਨਵੰਬਰ ਦੇ ਖ਼ੂੰਨੀ ਦਿਨਾਂ ਲਈ ਰਾਖਵੇਂ ਹੋਣਗੇ... ਕਿਥੇ ਹੈ ਕਾਨੂੰਨ? ਇਨਸਾਫ਼ ਕਿਥੇ ਹੈ? ਸੱਚਾਈ ਕੀ ਹੈ? ਦਿਲੀ ਦੀ ਜਮਹੂਰੀਅਤ ਦੀਆਂ ਗਲੀਆਂ ਵਿਚ ਮਰੀ ਪਈ ਹੈ? ਅਪਰਾਧੀ ਕਿਥੇ ਹਨ? ਉਚੇ ਅਹੁਦਿਆਂ ਤੇ ਬਿਰਾਜਮਾਨ ਜਿਨ੍ਹਾਂ ਨੂੰ ਹੱਥ ਨਹੀਂ ਪਾਇਆ ਜਾ ਸਕਦਾ, ਛੋਹਿਆ ਨਹੀਂ ਜਾ ਸਕਦਾ? ਸਰਬਉਚ ਹਾਕਮਾਂ ਅਤੇ ਸੱਭ ਤੋਂ ਉਚੀ ਅਦਾਲਤ ਦੇ ਮੈਂਬਰਾਂ ਦਾ ਲੋਕ ਆਦਰ ਕਿਸ ਤਰ੍ਹਾਂ ਕਰ ਸਕਦੇ ਹਨ ਜਦ ਇਨਸਾਨੀ ਜ਼ਿੰਦਗੀ ਦੀ ਘਾਣ ਕੀਤਾ ਜਾ ਰਿਹਾ ਹੈ ਤੇ ਹੱਕਾਂ ਨੂੰ ਲਿਤਾੜਿਆ ਜਾ ਰਿਹਾ ਹੈ?"

ਦਿਲੀ ਸਥਿਤ ਮਨੁਖੀ ਅਧਿਕਾਰ ਜਥੇਬੰਦੀਆਂ, ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਦੇ ਆਗੂ ਰਜਨੀ ਕੋਠਾਰੀ ਇਕ ਜਾਣੇ ਪਛਾਣੇ ਸਿਆਸੀ ਸਾਇੰਸਾਦਾਨ ਹਨ ਅਤੇ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ ਜਿਸਦੇ ਮੋਹਰੀ ਗੋਬਿੰਦ ਮੁਖੋਤੀ ਇਕ ਉਘੇ ਮਨੁਖੀ ਅਧਿਕਾਰ ਕਾਰਕੁੰਨ ਹਨ, ਨੇ ਦਿਲੀ ਦੇ ਕਤਲੇਆਮ ਦੀ ਤਫ਼ਤੀਸ਼ ਕਰਨ ਦਾ ਕੰਮ ਆਪਣੇ ਮੋਢਿਆਂ ਤੇ ਲਿਆ ਤੇ ਇਕ ਰਿਪੋਰਟ ਛਾਪੀ ਜਿਸਦਾ ਨਾਂ ਸੀ "ਅਪਰਾਧੀ ਕੌਣ ਹਨ?" ਰਿਪੋਰਟ ਵਿਚ ਦਸਿਆ ਗਿਆ ਕਿ ਦਿਲੀ ਵਿਚ ਹੋਏ ਸਿਖਾਂ ਦੇ ਕਤਲੇਆਮ ਲਈ ਵੇਲੇ ਦੀ ਹਾਕਮ ਪਾਰਟੀ ਕਾਂਗਰਸ ਦੇ ਬੰਦੇ ਜ਼ੁੰਮੇਵਾਰ ਸਨ। ਰਿਪੋਰਟ ਨੇ ਜ਼ਾਹਰ ਕੀਤਾ ਕਿ ਜਿਥੇ ਜਿਥੇ ਕਾਂਗਰਸ ਦਾ ਰਾਜ ਸੀ ਉਥੇ ਉਥੇ ਹਿੰਸਾ ਵਾਪਰੀ ਜਦਕਿ ਜਿਥੇ ਕਾਂਗਰਸ ਦਾ ਰਾਜ ਨਹੀਂ ਸੀ ਉਥੇ ਜ਼ਿਆਦਾਤਰ ਸ਼ਾਂਤੀ ਰਹੀ। ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ ਵਲੋਂ ਦਿਤੀ ਗਈ ਰਿਪੋਰਟ ਦਸਦੀ ਹੈ ਕਿ "ਦਿਲੀ ਵਿਚ ਸਿਖਾਂ ਉਤੇ ਹੋਏ ਹਮਲੇ ਇੰਦਰਾ ਗਾਂਧੀ ਦੀ ਹੱਤਿਆ ਕਰਕੇ ਲੋਕਾਂ ਦੇ "ਦੁਖ" ਅਤੇ "ਗੁਸੇ" ਦਾ ਇਜ਼ਹਾਰ ਨਹੀਂ ਸਨ ਜਿਵੇਂ ਕਿ ਅਧਿਕਾਰ ਪੇਸ਼ ਕਰਦੇ ਹਨ, ਬਲਕਿ ਇਹ ਹਮਲੇ ਇਕ ਸੋਚੀ ਸਮਝੀ ਤੇ ਜੋਜਨਾਬੱਧ ਸਕੀਮ ਤਹਿਤ ਕੀਤੇ ਗਏ ਜਿਸ ਵਿਚ ਕਾਂਗਰਸ ਦੇ ਮਹੱਤਵ ਪੂਰਨ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਦਾ ਪੂਰਾ ਹੱਥ ਸੀ। ਰਿਪੋਰਟ ਹੋਰ ਇਹ ਵੀ ਦਸਦੀ ਹੈ ਕਿ "

ਸਿਖਾਂ ਉਤੇ ਹੋਈ ਹਿੰਸਾ ਦੇ ਦੌਰਾਨ ਸ਼ਹਿਰ ਭਰ ਵਿਚ ਇਕ ਪੈਟਰਨ ਦਿਸਦਾ ਹੈ ਕਿ ਪੁਲਿਸ ਹਿੰਸਕ ਵਾਰਦਾਤਾਂ ਵੇਲੇ ਜਾਂ ਤਾਂ ਕਿਤੇ ਨਜ਼ਰ ਹੀ ਨਹੀਂ ਆਉਂਦੀ ਅਤੇ ਜਾਂ ਚੁਪ ਚਾਪ ਤਮਾਸ਼ਾ ਵੇਖਦੀ ਹੈ ਤੇ ਜਾਂ ਕਈ ਥਾਵੀਂ ਆਪ ਵੀ ਲੁਟਮਾਰ ਵਿਚ ਹਿਸਾ ਲੈਂਦੀ ਹੈ।"

## *੧੯੩੨ ਵਿਚ ਕਾਨਪੁਰ ਦੇ ਦੰਗਿਆਂ ਬਾਰੇ ਜਾਂਚ ਕਮਿਸ਼ਨ ਦੀ ਰਿਪੋਰਟ*

"ਇਹ ਗੱਲ ਆਮ ਮਹਿਸੂਸ ਕੀਤੀ ਜਾ ਰਹੀ ਹੈ ਕਿ ਸਥਾਨਕ ਅਧਿਕਾਰੀਆਂ ਨੇ ਫੌਰੀ ਤੌਰ ਤੇ ਕੋਈ ਕਰੜੀ ਕਾਰਵਾਈ ਕਰਨ ਦਾ ਫੈਸਲਾ ਨਾ ਲਿਆ ਕਿਉਂਕਿ ਉਹ ਬਿਜ਼ਨਸਮੈਨਾਂ ਵਲੋਂ ਕਾਂਗਰਸ ਦੀ ਮੱਦਦ ਕਰਨ ਬਾਰੇ ਨਾਖੁਸ਼ ਸਨ ਤੇ ਉਹ ਵਪਾਰੀਆਂ ਨੂੰ ਇਹ ਵਿਖਾਉਣਾਂ ਚਾਹੁੰਦੇ ਸਨ ਕੇ ਸਰਕਾਰੀ ਅਫ਼ਸਰਾਂ ਦੀ ਮੱਦਦ ਦੇ ਬਗੈਰ ਉਹ ਆਪਣੀ ਜਾਨਮਾਲ ਦੀ ਹਿਫ਼ਾਜ਼ਤ ਨਹੀਂ ਕਰ ਦਕਦੇ.... ਹਰੇਕ ਤਰ੍ਹਾਂ ਦੇ ਗਵਾਹ ਇਸ ਗੱਲ ਤੇ ਸਹਿਮਤ ਸਨ ਕਿ ਪੁਲਸ ਨੇ ਫਸਾਦਾਂ ਦੇ ਵਾਕਿਅਤਾਂ ਨੂੰ ਰੋਕਣ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ। ਇਨ੍ਹਾਂ ਗਵਾਹਾਂ ਵਿਚ ਯੂਰਪੀਅਨ ਬਿਜਨਸਮੈਨ, ਮੁਸਲਿਮ ਅਤੇ ਹਿੰਦੂ, ਮਿਲਟਰੀ ਅਫ਼ਸਰ, ਸੈਕਟਰੀ ਆਫ਼ ਦਾ ਅਪਰ ਇੰਡੀਆ ਚੈਂਬਰ ਆਫ਼ ਕਮਰਸ, ਹਿੰਦੋਸਤਾਨ ਦੇ ਇਸਾਈਆਂ ਦੇ ਨੁਮਾਇੰਦੇ ਅਤੇ ਇਥੋਂ ਤੱਕ ਕਿ ਹਿੰਦੋਸਤਾਨੀ ਅਫਸਰ ਵੀ ਸ਼ਾਮਲ ਹਨ। ਇਸ ਤਰ੍ਹਾਂ ਦੀ ਬਿਆਨਾ ਦੀ ਇਕਸੁਰਤਾ ਨੂੰ ਨਜ਼ਰਅੰਦਾਜ਼ ਕਰਨਾ ਅਸੰਭਵ ਹੈ। ਸਾਡੇ ਜ਼ਿਹਨ ਵਿਚ ਕੋਈ ਸ਼ੱਕ ਨਹੀਂਰਹਿ ਗਿਆ ਕਿ ਦੰਗਿਆਂ ਦੇ ਪਹਿਲੇ ਤਿੰਨ ਦਿਨ ਪੁਲਿਸ ਨੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਕੁਤਾਹੀ ਕੀਤੀ। ਕਈ ਗਵਾਹਾਂ ਨੇ ਉਹ ਵਾਕਿਆਤ ਦੱਸੇ ਹਨ ਜਿਥੇ ਪੁਲਿਸ ਦੇ ਸਾਹਮਣੇ ਸੰਗੀਨ ਜੁਰਮ ਹੋਏ ਪਰ ਪੁਲਿਸ ਨੇ ਕੁਝ ਨਹੀਂ ਕੀਤਾ। ਇਹ ਗੱਲ ਕਈ ਗਵਾਹਾਂ ਨੇ ਕਹੀ ਹੈ ਤੇ ਜ਼ਿਲੇ ਦੇ ਮਜਿਸਟਰੇਟ ਨੇ ਵੀ ਆਪਣੀ ਗਵਾਹੀ ਵਿਚ ਇਹੋ ਗੱਲ ਕਹੀ ਹੈ ਕਿ ਪੁਲਿਸ ਦੇ ਕੁਝ ਨਾ ਕਰਨ ਦੀਆਂ ਸ਼ਕਾਇਤਾਂ ਮਿਲੀਆਂ ਸਨ। ਇਹ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਸ਼ਕਾਇਤਾਂ ਤੇ ਜ਼ਰਾ ਵੀ ਸੰਜੀਦਗੀ ਨਾਲ ਗੌਰ ਨਹੀਂ ਕੀਤਾ ਗਿਆ।"....

ਇਹ ਸਾਰੀਆਂ ਰਿਪੋਟਾਂ ਦਸਦੀਆਂ ਹਨ ਕਿ ਫਿਰਕੂ ਹਿੰਸਾ ਨੂੰ ਮੁਲਕ ਦੇ ਬਟਵਾਰੇ ਤੋਂ ਪਹਿਲਾਂ ਵੀ ਤੇ ਬਾਅਦ ਵਿਚ ਵੀ ਸਦਾ ਹੀ ਇਕ ਵਿਉਂਤਬੰਦ ਢੰਗ ਨਾਲ ਸਰਕਾਰ ਅਤੇ ਇਸਦੀਆਂ ਏਜੰਸੀਆਂ, ਸਿਆਸੀ ਪਾਰਟੀਆਂ ਦੀ ਮਿਲੀਭੁਗਤ ਨਾਲ ਜਥੇਬੰਦ ਕੀਤਾ ਜਾਂਦਾ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਸੰਕੇਤ ਕਰਦੀਆਂ ਹਨ ਕਿ ः

"੨੧ ਜਨਵਰੀ ੨੦੦੨ ਨੂੰ ਕੈਰਸ਼ਲਾ ਦੇ ਮੁਖ ਮੰਤਰੀ ਏ.ਕੇ.ਐਨਥਨੀ ਨੇ ਇਕ ਸਨਸਨੀਖੇਜ਼ ਇੰਕਸ਼ਾਫ਼ ਕਰਦਿਆਂ ਦਸਿਆ ਕਿ ਕੈਰਲਾ ਅੰਦਰ ਪਿਛਲੇ ਸਮੇਂ ਵਾਪਰੀ ਫਿਰਕੂ ਹਿੰਸਾ ਦੌਰਾਨਤੇ ਕਤਲੋਗਾਰਤ ਦੀਆਂ ਕਰਤੂਤਾਂ ਵਿਚ ਚਾਰਜ ਕੀਤੇ ਜਾਣ ਵਾਲਿਆਂ ਵਿਚ ਕਾਂਗਰਸ ਅਤੇ ਸੀ.ਪੀ.ਆਈ (ਐਮ) ਦੇ ਵਰਕਰਾਂ ਸਮੇਤ ਰਾਜ ਦੀਆਂ ਸਾਰੀਆਂ ਹੀ ਮੁਖ ਪਾਰਟੀਆਂ ਦੇ ਕਾਰਕੁੰਨ ਸ਼ਾਮਲ ਹਨ।"

"ਮਹੱਤਵ ਵਾਲੀ ਗੱਲ ਹੈ ਕਿ ਐਤਵਾਰ ਨੂੰ ਭਾਜਪਾ ਦੇ ਵਧਾਇਕ ਮਾਇਆ ਕੋਠਨਾਨੀ, ਵਿਸ਼ਵ ਹਿੰਦੂ ਪ੍ਰਿਸ਼ਦ ਦੇ ਜਨਰਲ ਸੈਕਟਰੀ ਜਗਦੀਪ ਪਟੇਲ ਅਤੇ ਨਰੋਦਾ ਥਾਣੇ ਦੇ ਹੀ ਇਕ ਪੁਲਸ ਇੰਸਪੈਕਟਰ ਕੇ.ਕੇ.ਮਸੂਰਵਾਲਾ ਦੇ ਖ਼ਿਲਾਫ਼ ਨਾਰੋਦਾ ਥਾਣੇ ਵਿਚ ਰਪਟ ਲਿਖਾਈ ਗਈ ਹੈ ਕਿ ੨੮ ਫ਼ਰਵਰੀ ਦੇ ਡਾਕੇ, ਅਗਜ਼ਨੀ ਅਤੇ ਦੰਗਿਆਂ ਦੇ ਘਿਨਾਉਣੇ ਨਰੋਦੀਆ-ਪਾਟੀਆ ਕੇਸ ਵਿਚ ਇਨ੍ਹਾਂ ਵਿਅਕਤੀਆਂ ਨੇ ਵੀ ਹਿਸਾ ਲਿਆ।"

ਇਨ੍ਹਾਂ ਸਾਰੀਆਂ ਮਿਸਾਲਾਂ ਤੋਂ ਇਹ ਤਾਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਸਟੇਟ ਅਤੇ ਇਸਦੇ ਅਦਾਰੇ ਹੀ ਫਿਰਕੂ ਫ਼ਸਾਦ ਜਥੇਬੰਦ ਕਰਦੇ ਹਨ। **ਪਰ ਸਵਾਲ ਇਹ ਉਠਦਾ ਹੈ ਕਿ ਮੁਲਕ ਦੇ ਬਟਵਾਰੇ ਤੋਂ ਪਹਿਲਾਂ ਵੀ ਅਤੇ ਬਾਅਦ ਵਿਚ ਵੀ ਸਟੇਟ ਨੂੰ ਫਿਰਕੂ ਹਿੰਸਾ ਅਤੇ ਫਸਾਦਾਂ ਦੀ ਜ਼ਰੂਰਤ ਕਿਉਂ ਪਈ?** ਬਰਤਾਨਵੀ ਅਫ਼ੀਸ਼ਲ ਬੜਾ ਖੁਲ੍ਹ ਕੇ ਜ਼ਿਕਰ ਕਰਦੇ ਹਨ ਕਿ ਇਸਦੀ ਜ਼ਰੂਰਤ ਕਿਉਂ ਹੈः

ਮੁਰਾਦਾਬਾਦ ਦਾ ਕਮਾਂਡਰ ਲੈਫਟੀਨੈਂਟ ਕਰਨਲ ਕੋਕ ੧੯੨੨ ਵਿਚ ਲਿਖਦਾ ਹੈ, " ਸਾਨੂੰ ਪੂਰਾ ਜ਼ੋਰ ਲਾਉਣਾਂ ਚਾਹੀਦਾ ਹੈ ਕਿ ਵੱਖੋ ਵੱਖ ਮਜ਼ਹਬਾਂ ਤੇ ਨਸਲਾਂ ਦੇ ਦਰਮਿਆਨ ਜੋ ਫੁਟ ਅਤੇ ਮਤਭੇਦ ਹਨ ਉਹ ਕਾਇਮ ਰਹਿਣ ਤੇ ਇਹ ਇਕੱਠੇ ਨਾ ਹੋ ਸਕਣ। ਹਿੰਦੋਸਤਾਨ ਦੀ ਸਰਕਾਰ ਦਾ ਅਸੂਲ `ਪਾੜੋ ਤੇ ਰਾਜ ਕਰੋ` ਹੋਣਾਂ ਚਾਹੀਦਾ ਹੈ।" ਉਹ ਅੱਗੇ ਹੋਰ ਕਹਿੰਦਾ ਹੈ, "ਮੈਂ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ ਕਿ ਇਹ ਕੌਮ (ਮੁਸਲਮਾਨ) ਸਾਡੇ ਬੁਨਿਆਦੀ ਤੌਰ ਤੇ ਹੀ ਖ਼ਿਲਾਫ਼ ਹੈ ਇਸ ਲਈ ਸਾਡੀ ਅਸਲੀ ਨੀਤੀ ਹਿੰਦੂਆਂ ਨੂੰ ਆਪਣੇ ਨਾਲ ਗੰਢਣ ਦੀ ਹੈ।"

ਲਾਰਡ ਕੈਨਿੰਗ ਦੇ ਖ਼ਿਆਲ ਵੀ ਇਸੇ ਤਰ੍ਹਾਂ ਦੇ ਹਨ, "ਅਸੀਂ ਕਿਉਂਕਿ ਮੁਠੀ ਭਰ ਅੰਗਰੇਜ਼ਾਂ ਦੇ ਆਸਰੇ ੧੫੦ ਮਿਲੀਅਨ ਲੋਕਾਂ ਤੇ ਰਾਜ ਕਰਨਾ ਹੈ ਇਸ ਲਈ ਇਨ੍ਹਾਂ ਨੂੰ ਪਾੜਕੇ ਹੀ ਰੱਖਣਾਂ ਚਾਹੀਦਾ ਹੈ ( ਮਜ਼ਹਬ ਅਤੇ ਕੌਮੀ ਭਾਵਨਾਵਾਂ ਕਰਕੇ ਇਨ੍ਹਾਂ ਵਿਚ ਪਹਿਲਾਂ ਹੀ ਫੁਟ ਹੈ) ਅਤੇ ਇਨਾਂ ਤੋਂ ਆਪਣੀ ਤਾਕਤ ਦੀ ਬੱਲੇ ਬੱਲੇ ਕਰਾਉਣੀ ਚਾਹੀਦੀ ਹੈ ਤੇ ਆਪਣੇ ਇਰਾਦੇ ਜ਼ਾਹਰ ਨਹੀਂ ਹੋਣ ਦੇਣੇ ਚਾਹੀਦੇ।"

੧੯੦੫ ਦੀ ਬੰਗਾਲ ਦੀ ਵੰਡ ਬਾਰੇ ਗੱਲ ਕਰਦਿਆਂ ਸਰ ਹੈਨਰੀ ਕੌਟਨ ਲਿਖਦਾ ਹੈ, "ਸੂਬੇ ਦੀ ਵੰਡ ਕਰਕੇ ਪਹਿਲੀ ਦਫ਼ਾ ਉਨ੍ਹਾਂ ਦੇ ਦਰਮਿਆਨ (ਮੁਸਲਮਾਨਾਂ ਤੇ ਹਿੰਦੂਆਂ) ਮਜ਼ਹਬੀ ਦੁਸ਼ਮਣੀ ਖੜੀ ਕਰ ਦਿਤੀ ਗਈ। ਪਹਿਲੀ ਦਫ਼ਾ ਇਹ ਅਸੂਲ ਧਾਰਨ ਕੀਤਾ ਗਿਆ ਕਿ `ਪਾੜੋ ਤੇ ਰਾਜ ਕਰੋ`। ਮੁਸਲਮਾਨਾਂ ਦੀ ਹਰੇਕ ਤਰੀਕੇ ਨਾਲ ਤਰਫ਼ਦਾਰੀ ਕੀਤੀ ਗਈ।"

ਲਾਰਡ ਮਿੰਟੋ ਮੋਰਲੇ ਨੂੰ ਲਿਖਦਾ ਹੈ, "ਮੇਰਾ ਖਿਆਲ ਹੈ ਕਿ ਹਿੰਦੂਆਂ ਤੇ ਮੁਸਲਮਾਨਾਂ ਵਿਚਕਾਰ ਮਜ਼ਹਬੀ ਮਤਭੇਦ ਕਮਜ਼ੋਰ ਹੋ ਰਹੇ ਹਨ ਅਤੇ ਲਗਦਾ ਹੈ ਕਿ ਆਉਣ ਵਾਲੀ ਨਸਲ ਵੇਲੇ ਜਾਤਾਂ ਅਤੇ ਧਰਮਾਂ ਦੇ ਵਖਰੇਵੇਂ ਨਹੀਂ ਰਹਿਣੇ ਤੇ ਇਹ ਆਪਸ ਵਿਚ ਸਿਆਸੀ ਉਦੇਸ਼ਾਂ ਦੀਆਂ ਗੱਲਾਂ ਕਰਨਗੇ।"

੧੮੫੭ ਵਿਚ ਬਹਾਦਰ ਸ਼ਾਹ ਜ਼ਫ਼ਰ ਨੇ ਹਿੰਦੋਸਤਾਨ ਦੇ ਲੋਕਾਂ ਨੂੰ ਬ੍ਰਤਾਨਵੀਆਂ ਦੀ ਪਾੜੋ ਤੇ ਰਾਖ ਕਰੋ ਦੀ ਪਾਲਸੀ ਦੇ ਖ਼ਿਲਾਫ਼ ਚਿਤਾਵਨੀ ਦਿਤੀ ਸੀ। ੧੨ ਮਈ ੧੮੫੭ ਨੂੰ ਜਾਰੀ ਕੀਤਾ ਗਿਆ ਸ਼ਾਹੀ ਫ਼ਰਮਾਨ ਹਿੰਦੋਸਤਾਨ ਦੇ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਕਹਿੰਦਾ ਹੈਃ

"ਇਸ ਵੇਲੇ ਲੋਕਾਂ ਪ੍ਰਤੀ ਆਪਣੇ ਫ਼ਰਜ਼ ਨੂੰ ਮੱਦੇਨਜ਼ਰ ਰੱਖਦੇ ਹੋਏ ਮੈਂ ਆਪਣੇ ਲੋਕਾਂ ਦੇ ਨਾਲ ਖੜ੍ਹੇ ਹੋਣ ਦਾ ਫੈਸਲਾ ਕੀਤਾ ਹੈ। ਇਸ ਨਾਜ਼ੁਕ ਵਕਤ ਜੋ ਕੋਈ ਵੀ ਬੁਜ਼ਦਿਲੀ ਵਿਖਾਲੇਗਾ ਜਾਂ ਮੱਕਾਰ ਅੰਗਰੇਜ਼ਾਂ ਦੇ ਵਾਅਦਿਆਂ ਤੇ ਯਕੀਨ ਕਰਦਾ ਹੋਇਆ ਅਣਭੋਲ ਹੀ ਇਨ੍ਹਾਂ ਦੀ ਇਮਦਾਦ ਕਰੇਗਾ, ਬੜੀ ਜਲਦੀ ਉਹਦੀਆਂ ਅੱਖਾਂ ਖੁਲ੍ਹ ਜਾਣਗੀਆਂ ਤੇ ਸੁਪਨੇ ਚੂਰ ਚੂਰ ਹੋ ਜਾਣਗੇ। ਯਾਦ ਰੱਖਣਾਂ ਚਾਹੀਦਾ ਹੈ ਕਿ ਇਹ ਅੰਗਰੇਜ਼ ਉਹਦੀ ਵਫ਼ਾਦਾਰੀ ਦੀ ਕੀਮਤ ਉਸ ਤਰੀਕੇ ਨਾਲ ਹੀ ਚੁਕਾਉਣਗੇ ਜਿਵੇਂ ਇਨ੍ਹਾਂ ਅਵਧ ਦੇ ਹਾਕਮਾਂ ਨੂੰ ਚੁਕਾਈ ਸੀ। ਹਿੰਦੂਆਂ ਅਤੇ ਮੁਸਲਮਾਨਾਂ ਦਾ ਇਹ ਪੱਕਾ ਫ਼ਰਜ਼ ਹੈ ਕਿ ਅੰਗਰੇਜ਼ਾਂ ਦੇ ਖ਼ਿਲਾਫ਼ ਬਗ਼ਾਵਤ ਵਿਚ ਕੁਦ ਪੈਣ। ਉਨ੍ਹਾਂ ਨੂੰ ਆਪਣੇ ਸ਼ਹਿਰਾਂ-ਕਸਬਿਆਂ ਦੇ ਆਗੂਆਂ ਦੀ ਗੱਲ ਸੁਣਨੀ ਚਾਹੀਦੀ ਹੈ ਤੇ ਮੁਲਕ ਵਿਚ ਅਮਨ-ਅਮਾਨ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਰੇ ਲੋਕਾਂ ਦੀ ਇਹ ਪਾਬੰਦੀਸ਼ੁਦਾ ਜ਼ੁੰਮੇਵਾਰੀ ਹੈ ਕਿ ਇਸ ਫਰਮਾਨ ਦੀਆਂ ਜਿੰਨੀਆਂ ਜ਼ਿਆਦਾ ਨਕਲਾਂ ਕਰ ਸਕਦੇ ਹਨ ਕਰਨ ਤੇ ਸਾਰੇ ਸ਼ਹਿਰਾਂ ਤੇ ਕਸਬਿਆਂ ਦੇ ਅਹਿਮ ਥਾਵਾਂ ਤੇ ਲਾਉਣ। ਪਰ ਇਹ ਕੰਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਖੁਦ ਹਥਿਆਰਬੰਦ ਹੋ ਕੇ ਅੰਗਰੇਜ਼ਾਂ ਦੇ ਖ਼ਿਲਾਫ਼ ਐਲਾਨੇ-ਜੰਗ ਕਰ ਦੇਣਾਂ ਚਾਹੀਦਾ ਹੈ।"

ਇਕ ਹੋਰ ਸ਼ਾਹੀ ਫ਼ਰਮਾਨ ਵਿਚ ਉਹਨੇ ਲੋਕਾਂ ਨੂੰ ਅੰਗਰੇਜ਼ਾਂ ਦੀਆਂ ਫੁਟਪਾਊ ਚਾਲਾਂ ਤੋ ਹੋਸ਼ਿਆਰ ਕੀਤਾ "...ਅੰਗਰੇਜ਼ਾਂ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਅਤੇ ਮੁਲਸਮਾਨਾਂ ਨੂੰ ਹਿੰਦੂਆਂ ਦੇ ਖ਼ਿਲਾਫ਼ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਹਨ। ਉਹ ਜੋ ਮਰਜ਼ੀ ਕਹੀ ਜਾਣ, ਤੁਸੀਂ ਉਨ੍ਹਾਂ ਦੀ ਕਿਸੇ ਗੱਲ ਤੇ ਇਤਬਾਰ ਨਾ ਕਰੋ ਤੇ ਉਨ੍ਹਾਂ ਨੂੰ ਮੁਲਕ ਵਿਚੋਂ ਬਾਹਰ ਕੱਢੋ।"

ਹਿੰਦੋਸਤਾਨ ਦੀ ਮੌਜੂਦਾ ਸਟੇਟ ਦੀ ਨੀਂਹ ੧੮੫੭ ਵਿਚ ਬ੍ਰਤਾਨਵੀਆਂ ਨੇ ਰੱਖੀ ਸੀ ਅਤੇ ਫਿਰਕੂ ਹਿੰਸਾ ਇਸ ਦਾ ਇਕ ਅਟੁਟ ਅੰਗ ਸੀ। ਇਸ ਨੀਤੀ ਤੇ ਚਲਦੇ ਹੋਏ ਬਰਤਾਨਵੀਆਂ ਨੇ ਸਟੇਟ ਦੇ ਅਦਾਰਿਆਂ ਅਤੇ ਵਿਦਿਅਕ ਅਦਾਰਿਆਂ ਨੂੰ ਇਕ ਗਿਣੇ ਮਿਥੇ ਤਰੀਕੇ ਨਾਲ ਫਿਰਕਵਾਦ ਦੇ ਰੰਗ ਵਿਚ ਰੰਗਿਆ। ੧੯੦੯ ਦੇ ਮਿੰਟੋ-ਮਾਰਲੇ ਸੁਧਾਰ, ਫਿਰਕੇ ਦੇ ਅਧਾਰ ਤੇ ਵੋਟਾਂ ਪਾਉਣ ਦੀ ਪਰਣਾਲੀ ਕਾਇਮ ਕਰਕੇ ਲੋਕਾਂ ਵਿਚ ਫਿਰਕੂ ਜ਼ਹਿਰ ਅਤੇ ਧਾਰਮਕ ਨਫ਼ਰਤ ਨੂੰ ਭੜਕਾਇਆ ਅਤੇ ਉਨ੍ਹਾਂ ਨੇ ਜਾਤਪਾਤ ਅਤੇ ਫਿਰਕਾਬੰਦੀ ਦੇ ਅਧਾਰ ਤੇ ਆਪਣੇ ਲਈ ਵੋਟ ਬੈਂਕ ਬਣਾਉਣ ਦੀ ਨੀਂਹ ਰੱਖ ਦਿਤੀ।੧੯੩੫ ਦਾ ਗੌਰਮਿੰਟ ਆਫ਼ ਇੰਡੀਆ ਐਕਟ ਬਣਾਉਣਾਂ ਅਤੇ ੧੯੪੭ ਵਿਚ ਮੁਲਕ ਦਾ ਬਟਵਾਰਾ ਕਰਨਾ ਫਿਰਕੂ ਹਿੰਸਾ ਵਧਾਉਣ ਵੱਲ ਇਕ ਹੋਰ ਕਦਮ ਸੀ। ਬਰਤਾਨਵੀ ਬਸਤੀਵਾਦੀਆਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਬਸਤੀਵਾਦ ਵਿਰੋਧੀ ਤਾਕਤਾਂ ਨੂੰ ਪਾੜਨ ਅਤੇ ਕਮਜ਼ੋਰ ਕਰਨ ਲਈ ਵੀ ਸੀ ਤੇ ਇਨ੍ਹਾਂ ਤਾਕਤਾਂ ਨੂੰ ਕੁਰਾਹੇ ਪਾਉਣ ਲਈ ਵੀ ਸੀ। ਲੋਕਾਂ ਨੂੰ ਪਾੜ ਕੇ ਫਿਰਕੂ ਹਿੰਸਾ ਦੇ ਰਾਹ ਪਾਉਣਾ ਵੀ ਬਸਤੀਵਾਦੀਆਂ ਦੀ ਇਸ ਨੀਤੀ ਦਾ ਇਕ ਹਿਸਾ ਸੀ। ਬਰਤਾਨਵੀ ਖੁਦ ਫਿਰਕੂ ਹਿੰਸਾ ਜਥੇਬੰਦ ਕਰਦੇ ਸਨ ਤੇ ਫਿਰ ਇਸ ਹਿੰਸਾ ਨੂੰ ਇਕ ਬਹਾਨੇ ਵਜੋਂ ਵਰਤ ਕੇ ਲੋਕਾਂ ਉਤੇ ਹੋਰ ਜਬਰ ਕਰਦੇ ਹੋਏ ਇਹ ਕਹਿੰਦੇ ਸਨ ਕਿ ਹਿੰਦੋਸਤਾਨ ਦੇ ਲੋਕਾਂ ਦੇ ਮਸਲਿਆਂ ਦਾ ਅਸਲ ਕਾਰਨ ਮਜ਼ਹਬ ਹੈ ਬਸਤੀਵਾਦ ਨਹੀਂ। ਇਸ ਤਰੀਕੇ ਨਾਲ ਬਸਤੀਵਾਦ ਦੇ ਖੜੇ ਕੀਤੇ ਹੋਏ ਮਸਲਿਆਂ ਦੀ ਜ਼ੁੰਮੇਵਾਰੀ ਉਹ ਲੋਕਾਂ ਉਤੇ ਅਤੇ ਉਨ੍ਹਾਂ ਦੇ ਧਰਮ ਉਤੇ ਸੁਟਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਬਰਤਾਨਵੀ ਦੀ ਪਾਲਸੀ ਤਾਂ "ਸੈਕੂਲਰ ਅਤੇ ਇਨਸਾਫ਼" ਵਾਲੀ ਹੈ।

ਸਟੇਟ ਦੇ ਅਦਾਰਿਆਂ ਵਿਚ ਫਿਰਕਾਪ੍ਰਸਤੀ ਵਾੜਕੇ ਲੋਕਾਂ ਦੀ ਸ਼ਕਤੀ ਕਮਜ਼ੋਰ ਕਰਨ ਅਤੇ ਫਿਰ ਇਸ ਫਿਰਕਾਪ੍ਰਸਤੀ ਨੂੰ ਲੋਕਾਂ ਉਤੇ ਹਮਲੇ ਕਰਨ ਲਈ ਇਕ ਬਹਾਨੇ ਤੌਰ ਤੇ ਵਰਤਣ ਦੇ ਤਰੀਕੇ ਵਿਚ ਅੰਗਰੇਜ਼ ਬਸਤੀਵਾਦੀਏ ਪਹਿਲਾਂ ਹੀ ਆਇਰਲੈਂਡ, ਸਕਾਟਲੈਂਡ ਅਤੇ ਵੇਲਜ਼ ਵਿਚ ਪੂਰੇ ਨਿਪੁੰਨ ਹੋ ਚੁਕੇ ਸਨ। ਮਜ਼ਹਬ ਨੂੰ ਵਰਤਕੇ ਇਨ੍ਹਾਂ ਉਥੇ ਆਪਣਾਂ ਗਲਬਾ ਜਮਾ ਲਿਆ ਹੋਇਆ ਸੀ।

੧੯੪੭ ਦੇ ਬਟਵਾਰੇ ਅਤੇ ਕਤਲੋਗਾਰਤ ਦੇ ਦਰਮਿਆਨ ਹੋਈ ਤਾਕਤ-ਬਦਲੀ ਦੇ ਬਾਅਦ ਸਟੇਟ ਦੇ ਅਦਾਰਿਆਂ ਦੇ ਫਿਰਕਪੁਣੇ ਵਿਚ ਕੋਈ ਫ਼ਰਕ ਨਹੀਂ ਪਿਆ ਕਿਉਂਕਿ ਬੁਨਿਆਦੀ ਤੌਰ ਤੇ ਇਹ ਸਟੇਟ ਉਹੋ ਸੀ ਜੋ  ਅੰਗਰੇਜ਼ਾਂ ਨੇ ੧੮੫੭ ਵਿਚ ਕਾਇਮ ਕੀਤੀ ਸੀ। ਫਰਕ ਇਹ ਪਿਆ ਕਿ ੧੯੪੭ ਦੇ ਬਾਅਦ ਇਸ ਸਟੇਟ ਨੂੰ ਵਰਤਣ ਵਾਲੇ ਅੰਗਰੇਜ਼ਾਂ ਦੇ ਦੇਸੀ ਭਾਈਵੰਦ ਸਨ। ਸਰਹੱਦ ਦੇ ਦੋਵਾਂ ਪਾਸਿਆਂ ਦੇ ਦੇਸੀ ਹਾਕਮਾਂ ਨੇ ਇਸ ਸਟੇਟ ਨੂੰ ਕਾਇਮ ਰੱਖਿਆ ਕਿਉਂਕਿ ਉਨ੍ਹਾਂ ਦੇ ਮੁਫ਼ਾਦ ਪੂਰੇ ਕਰਨ ਲਈ ਇਹ ਸਟੇਟ ਬੜੀ ਅੱਛੀ ਸੀ। ਹਿੰਦੋਸਤਾਨ ਅਤੇ ਪਾਕਿਸਤਾਨ ਦੀਆਂ ਸਟੇਟਾਂ ਦੇ ਅਦਾਰੇ ਤੇ ਨੀਤੀਆਂ ਪਹਿਲਾਂ ਵਾਲੀਆਂ ਹੀ ਰਹੀਆਂ ਤੇ ਲੋਕਾਂ ਵਿਚ ਮਜ਼ਹਬ, ਫਿਰਕੇ, ਜ਼ਬਾਨ, ਕਲਚਰ ਅਤੇ ਕੌਮ ਦੇ ਅਧਾਰ ਤੇ ਫੁਟ ਹੋਰ ਡੂੰਘੀ ਕਰਦੀਆਂ ਰਹੀਆਂ।

"ਸੋਸ਼ਲਿਸਟ ਤੇ ਸੈਕੂਲਰ ਇੰਡੀਆ" ਵਿਚ ੧੯੬੧ ਅਤੇ ੧੯੭੦ ਦੇ ਦੌਰਾਨ ਫਿਰਕੂ ਹਿੰਸਾ ਦੇ ੭੯੬੪ ਵਾਕਿਆ ਹੋਏ ਜਿਸ ਵਿਚ ਹਜ਼ਾਰਾਂ ਲੋਕਾਂ ਦੇ ਕਤਲ ਵੀ ਹੋਏ। ਪਿਛਲੇ ਤਿੰਨ ਦਹਾਕਿਆਂ ਵਿਚ ਇਨ੍ਹਾਂ ਵਾਰਦਾਤਾਂ ਵਿਚ ਅੰਤਾਂ ਦਾ ਵਾਧਾ ਹੋਇਆ ਹੈ। ਦੂਸਰੇ ਪਾਸੇ, "ਇਸਲਾਮਿਕ ਰਿਪਬਲਿਕ ਆਫ਼ ਪਾਕਿਸਤਾਨ" ਵਿਚ ਹਜ਼ਾਰਾਂ ਬੰਗਾਲੀਆਂ, ਸਿੰਧੀਆਂ, ਬਲੋਚਾਂ,ਅਹਿਮਦਆਂ, ਸ਼ੀਆ ਅਤੇ ਹੋਰਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਮੌਤ ਦੇ ਘਾਟ ਉਤਾਰਿਆ ਗਿਆ ਹੈ।

ਹਾਕਮ ਦਾਇਰੇ ਅਤੇ ਉਨ੍ਹਾਂ ਦੀ ਸਟੇਟ ਐਸ ਵੇਲੇ ਨਸਲੀ ਹਿੰਸਾ ਕਿਉਂ ਜਥੇਬੰਦ ਕਰ ਰਹੀ ਹੈ? ਪਾੜੋ ਤੇ ਰਾਜ ਕਰੋ ਦੀ ਨੀਤੀ ਦਾ ਹੁਣ ਕਿਸ ਨੂੰ ਫ਼ਾਇਦਾ ਹੈ? ਐਸ ਵੇਲੇ ਉਹ ਕਿਨ੍ਹਾਂ ਸ਼ਕਤੀਆਂ ਨੂੰ ਪਾੜਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਮਕਸਦ ਕੀ ਹੈ? ਉਹ ਲੋਕਾਂ ਨੂੰ ਕਿਸ ਭੰਬਲਭੂਸੇ ਵਿਚ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ? ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਦੀ ਐਸ ਵੇਲੇ ਬੜੀ ਲੋੜ ਹੈ। ਹਾਕਮ ਜਮਾਤਾਂ ਵਲੋਂ ਇਸ ਵੇਲੇ ਫਿਰਕੂ ਹਿੰਸਾ ਹੇਠਲੇ ਕਾਰਨਾਂ ਕਰਕੇ ਜਥੇਬੰਦ ਕੀਤੀ ਜਾ ਰਹੀ ਹੈਃ

## ੧. ਵਿਸ਼ਵੀਕਰਣ ਅਤੇ ਨਿਜੀਕਰਣ ਦੇ ਪ੍ਰੋਗਰਾਮ ਰਾਹੀਂ ਪਬਲਿਕ ਵਸੀਲਿਆਂ ਨੂੰ ਵੱਡੀਆਂ ਅਜਾਰੇਦਾਰੀਆਂ ਅਤੇ ਵਿਤੀ ਸੰਸਥਾਵਾਂ ਦੇ ਹਵਾਲੇ ਕਰਨ ਅਤੇ ਹਿੰਦੋਸਤਾਨ ਉਤੇ ਸਾਮਰਾਜ ਦੇ ਗਲਬੇ ਦੇ ਖ਼ਿਲਾਫ਼ ਲੋਕਾਂ ਦੇ ਵੱਧ ਵਿਰੋਧ ਨੂੰ ਖੁੰਢਾ ਕਰਨ ਲਈ ਫਿਰਕੂ ਹਿੰਸਾ ਦਾ ਹਥਿਆਰ ਵਰਤਕੇ ਲੋਕਾਂ ਨੂੰ ਪਾੜਨਾ।

੧੯੮੦ ਵਿਆਂ ਦੇ ਅੱਧ ਵਿਚ ਵੈਲਫੇਅਰ ਸਟੇਟ ਦਾ ਭੋਗ ਪਾ ਦੇਣ ਮਗਰੋਂ ਹਿੰਦੋਸਤਾਨ ਦੇ ਇਤਹਾਸ ਨੇ ਇਕ ਅਹਿਮ ਮੋੜ ਕੱਟਿਆ। ਇਸ ਅਹਿਮ ਮੋੜ ਦੇ ਨਤੀਜੇ ਦੇ ਤੌਰ ਤੇ ਕੋਈ ਵੀ ਤਾਕਤ ਪੁਰਾਣੇ ਤਰੀਕੇ ਦੇ ਅਧਾਰ ਤੇ ਕੰਮ ਕਰਨ ਦੇ ਕਾਬਲ ਨਾ ਰਹੀ। ਹੁਣ ਹਾਕਮ ਜਮਾਤਾਂ "ਸੈਕੂਲਰਵਾਦ ਅਤੇ ਸਮਾਜਵਾਦ" ਦਾ ਬੁਰਕਾ ਪਾਈ ਰੱਖਕੇ ਆਪਣਾ ਨਹੀਂ ਸੀ ਕੱਢ ਸਕਦੀਆਂ। ਵੈਲਫੇਅਰ ਸਟੇਟ ਦਾ ਦੌਰ ਖ਼ਤਮ ਹੋ ਗਿਆ ਸੀ। ਪਹਿਲਾਂ ਵਾਲੀ ਤਰਤੀਬਬੰਦੀ ਹਾਕਮ ਜਮਾਤਾਂ ਲਈ ਹੁਣ ਕਿਸੇ ਕੰਮ ਦੀ ਨਹੀਂ ਸੀ ਰਹੀ। ਆਪਣੀ ਲੁਟ ਨੂੰ ਕਾਇਮ ਰੱਖਣ ਤੇ ਹੋਰ ਵਧਾਉਣ ਲਈ ਹੁਣ ਹਾਕਮ ਜਮਾਤਾਂ ਨੂੰ ਨਵੀਆਂ ਤਰਤੀਬਾਂ ਵਰਤਣ ਦੀ ਲੋੜ ਸੀ। ਇਸ ਨਵੀਂ ਤਰਤੀਬਬੰਦੀ ਨੂੰ ਹੋਂਦ ਵਿਚ ਲਿਆਉਣ ਦੇ ਦੌਰ ਦਾ ਆਰੰਭ ਸੱਤ ਜੂਨ ੧੯੮੪ ਦੇ ਗੋਲਡਨ ਟੈਂਪਲ ਉਤੇ ਹਮਲੇ ਨਾਲ ਹੋਇਆ ਜਦ ਇੰਦਰਾ ਗਾਂਧੀ ਦੀ ਹਕੂਮਤ ਦੇ ਹੁਕਮ ਨਾਲ ਹਿੰਦੋਸਤਾਨ ਦੀ ਫੌਜ ਨੇ ਗੋਲਡਨ ਟੈਂਪਲ ਤੇ ਹਮਲਾ ਕੀਤਾ। ਇੰਦਰਾ ਗਾਂਧੀ ਦੇ ਕਤਲ ਪਿਛੋਂ ਨਵੰਬਰ ੧੯੮੪ ਨੂੰ ਰਾਜੀਵ ਗਾਂਧੀ ਦੀ ਸਰਕਾਰ ਦੀ ਛਤਰਛਾਇਆ ਹੇਠ ਦਿਲੀ ਵਿਚ ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਪੰਜਾਬ ਵਿਚ ਹਜ਼ਾਰਾਂ ਨੌਜੁਆਨਾ ਦੇ ਕਤਲ ਕੀਤੇ ਗਏ। ੧੯੮੬ ਵਿਚ ਰਾਜੀਵ ਗਾਂਧੀ ਦੀ ਸਰਕਾਰ ਨੇ ਆਪਣੀਆਂ "ਹਿੰਦੂ" ਵੋਟਾਂ ਪੱਕੀਆਂ ਕਰਨ ਦੇ ਮਨਸ਼ੇ ਨਾਲ ਅਯੁਧਿਆ ਵਿਚ ਉਸ ਥਾਂ ਦੇ ਦਰਵਾਜ਼ੇ ਖੋਲ੍ਹੇ ਜਿਸ ਵਾਰੇ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਤਕਰਾਰ ਚਲ ਰਿਹਾ ਸੀ। ੧੯੮੯ ਵਿਚ ਇਕ ਵਾਰ ਫਿਰ ਇਹ ਰਾਜੀਵ ਗਾਂਧੀ ਹੀ ਸੀ ਜਿਸਨੇ ਆਪਣੀ ਚੋਣ ਮੁਹਿੰਮ ਦੀ ਸ਼ੁਰੂਆਤ ਅਯੁਧਿਆ ਤੋਂ ਰਾਮਰਾਜ ਦੇ ਨਾਅਰੇ ਨਾਲ ਕੀਤੀ। ਇਹ ਸਾਰੀ ਸਟੇਜ ਸੈਟ ਕਰ ਦਿਤੇ ਜਾਣ ਅਤੇ ਵੀ.ਪੀ.ਸਿੰਘ ਦੇ ਤਾਕਤ ਵਿਚ ਆਉਣ ਦੇ ਬਾਅਦ ਹੀ ਭਾਜਪਾ ਅਤੇ ਸੰਘ ਪਰਵਾਰ ਨੇ ਆਪਣੇ ਪਰ ਤੋਲਣੇ ਸ਼ੁਰੂ ਕੀਤੇ ਅਤੇ ਅਡਵਾਨੀ ਦੀ ਰੱਥ ਯਾਤਰਾ ਰਾਹੀਂ ਸਿਆਸੀ ਜ਼ਿੰਦਗੀ ਨੂੰ ਹੋਰ ਫਿਰਕੂ ਰੰਗਤ ਦਿਤੀ। ਇਸਦੇ ਬਾਅਦ ਬਾਬਰੀ ਮਸਜਦ ਨੂੰ ਢਾਉਣਾਂ ਅਤੇ ਹੋਰ ਫਿਰਕੂ ਹਿੰਸਾ ਜਥੇਬੰਦ ਕਰਨੀ ਲੋਕਾਂ ਵਿਚ ਫੁਟ ਪਾਉਣ ਲਈ ਹਾਕਮ ਜਮਾਤਾਂ ਦੀ ਫਿਰਕਾਬੰਦੀ ਦੀ ਲੋੜ ਦਾ ਹੀ ਨਤੀਜਾ ਸੀ। ਕਾਂਗਰਸ, ਭਾਜਪਾ ਅਤੇ ਹੋਰ ਸਿਆਸੀ ਪਾਰਟੀਆਂ ਨੂੰ ਪੈਸਾ ਦੇਣ ਵਾਲੀਆਂ ਤਾਕਤਾਂ, ਜਿਨ੍ਹਾਂ ਦੇ ਹਿਤ ਇਹ ਪਾਰਟੀਆਂ ਪੂਰਦੀਆਂ ਹਨ, ਉਨ੍ਹਾਂ ਨੂੰ ਲੱਗਾ ਕਿ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਫਿਰਕਾਪ੍ਰਸਤੀ ਵਰਤਣੀ ਉਨ੍ਹਾਂ ਦੇ ਫ਼ਾਇਦੇ ਦੀ ਗੱਲ ਹੈ। ਇਹ ਹੋ ਹੀ ਨਹੀਂ ਸਕਦਾ ਕਿ ਆਪਣੇ ਮਾਲਕਾਂ ਦੀ ਰਜ਼ਾਮੰਦੀ ਅਤੇ ਹੁਕਮ ਦੇ ਬਗੈਰ ਹੀ ਇਸ ਜਾਂ ਉਸ ਪਾਰਟੀ ਨੇ ਜਾਂ ਕਿਸੇ ਵਿਅਕਤੀ ਵਿਸ਼ੇਸ਼ ਨੇ ਆਪਣੇ ਤੌਰ ਤੇ ਫੈਸਲਾ ਕਰ ਲਿਆ ਹੋਵੇ ਕਿ ਫਿਰਕਾਪ੍ਰਸਤੀ ਦੇ ਰਾਹ ਤੇ ਚਲਣਾਂ ਹੈ। ਇਹ ਗੱਲ ਨੋਟ ਕਰਨ ਵਾਲੀ ਹੈ ਹਾਕਮ ਜਮਾਤਾਂ ਅਤੇ ਇਨ੍ਹਾਂ ਦੀ ਸਟੇਟ ਵਲੋਂ ਲੋਕਾਂ ਨੂੰ ਗੜਬੜ ਅਤੇ ਫਿਰਕੂ ਹਿੰਸਾ ਵਿਚ ਡੁਬੋਣ ਦੇ ਬਾਵਜੂਦ ਕੇਂਦਰ ਦੀ ਕਿਸੇ ਵੀ ਸਰਕਾਰ ਨੇ ਸਮਾਜ ਵਿਰੋਧੀ ਪ੍ਰੋਗਰਾਮ ਵਿਚ ਕੋਈ ਢਿਲ ਨਹੀਂ ਆਉਣ ਦਿਤੀ ਗਈ।

ਲੁਟ ਦਾ ਰਾਜ ਚਲਾਉਣ ਲਈ ੧੯੪੭ ਵਿਚ ਅਪਣਾਏ ਗਏ ਤਰੀਕੇ ਹੁਣ ਹਾਕਮਾਂ ਦਾ ਕੰਮ ਨਹੀਂ ਸਾਰਦੇ ਇਸ ਲਈ ਹਾਕਮ ਦਾਇਰਿਆਂ ਨੂੰ ਆਪਣਾ ਰਾਜ ਚਲਦਾ ਰੱਖਣ ਲਈ ਹੁਣ ਨਵੇਂ ਤਰੀਕੇ ਲੱਭਣ ਦੀ ਲੋੜ ਸੀ। ਉਹ ਆਰਥਕਤਾ ਵਿਚ ਵੀ ਅਤੇ ਸਿਆਸਤ ਵਿਚ ਵੀ ਨਵੀਂ ਤਰਤੀਬਬੰਦੀ ਕਰ ਰਹੇ ਹਨ। ਸੰਸਾਰ ਦੀ ਦੋ-ਧਰੁਵੀ ਵੰਡ ਖ਼ਤਮ ਹੋਣ ਦੇ ਬਾਅਦ ਨਿਜੀਕਰਣ ਅਤੇ ਵਿਸ਼ਵੀਕਰਣ ਇਨ੍ਹਾਂ ਲਈ ਤੇ ਇਨ੍ਹਾਂ ਦੇ ਬਦੇਸ਼ੀ ਮੁਰਸ਼ਦਾਂ ਲਈ ਨਵਾਂ ਮੰਤਰ ਬਣ ਗਿਆ ਹੈ। ਇਸਦੇ ਨਾਲ ਨਾਲ ਇਨ੍ਹਾਂ ਦਾ ਸਾਰਾ ਸਿਆਸੀ ਤੇ ਆਰਥਕ ਸਿਸਟਮ ਆਪਣੀ ਭੱਲ-ਪ੍ਰਤੀਤ ਗੁਆ ਚੁਕਾ ਹੈ। ਇਹ ਅਰਾਜਕਤਾ, ਹਿੰਸਾ, ਕਤਲਾਂ ਦੀ ਸਿਆਸਤ ਅਤੇ ਫਿਰਕੂ ਹਿੰਸਾ ਦੀ ਹੋਰ ਵੀ ਵਧੇਰੇ ਵਰਤੋਂ ਕਰਨ ਲੱਗ ਪਏ ਹਨ। ਵਿਸ਼ਵੀਕਰਣ ਅਤੇ ਨਿਜੀਕਰਣ ਦਾ ਇਨਾਂ ਦਾ ਨਵਾਂ ਮੰਤਰ ਬਿਲਕੁਲ ਉਵੇਂ ਹੀ ਖ਼ੁਸ਼ਹਾਲੀ ਲਿਆਉਣ ਦੇ ਵਾਅਦੇ ਕਰਦਾ ਹੈ ਜਿਵੇਂ `ਸੋਸ਼ਲਿਸਿਟਿਕ ਪੈਟਰਨ ਆਫ਼ ਸੁਸਾਇਟੀ` ਦਾ ਪੁਰਾਣਾ ਮੰਤਰ ਕਰਦਾ ਹੁੰਦਾ ਸੀ ਪਰ ਹਾਲੇ ਤੱਕ ਇਹ ਵਾਅਦੇ ਪੂਰੇ ਨਹੀਂ ਹੋਏ ਤੇ ਨਾ ਹੋ ਸਕਦੇ ਹਨ। ਵਿਸ਼ਵੀਕਰਣ ਅਤੇ ਨਿਜੀਕਰਣ ਰਾਹੀਂ ਇਨ੍ਹਾਂ ਨੇ ਖ਼ੁਰਾਕ, ਸਿਹਤ ਅਤੇ ਵਿਦਿਆ ਵਰਗੇ ਲੋਕ ਭਲਾਈ ਦੇ ਸਮਾਜਕ ਕੰਮਾਂ ਵਲੋਂ ਪੈਸਾ ਹਟਾ ਕੇ ਅਮੀਰਾਂ ਦੀਆਂ ਹੀ ਜੇਬਾਂ ਵਿਚ ਪਾਇਆ ਹੈ। ਹਿੰਦੋਸਤਾਨ ਵਿਚ ਇਸ ਦੀ ਕਾਫ਼ੀ ਮੁਖ਼ਾਲਫ਼ਤ ਹੋ ਰਹੀ ਹੈ। ਪਿਛਲੇ ਸਾਲ ਗਣਤੰਤਰ ਦਿਵਸ ਤੇ ਬੋਲਦਿਆਂ ਹਿੰਦੋਸਤਾਨ ਦੇ ਰਾਸ਼ਟਰਪਤੀ ਨੇ ਕੁਝ ਸੱਚੀਆਂ ਸੁਣਾਉਂਦਿਆਂ ਕਿਹਾ ਕਿ ਵਿਸ਼ਵੀਕਰਣ ਅਤੇ ਨਿਜੀਕਰਣ ਦੇ ਮੰਤਰ ਨੇ ਸਿਰਫ਼ ਅਮੀਰਾਂ ਦਾ ਹੀ ਫ਼ਾਇਦਾ ਕੀਤਾ ਹੈ ਆਮ ਲੋਕਾਂ ਦੇ ਦਿਲ ਗੁਸੇ ਅਤੇ ਬਗਾਵਤ ਨਾਲ ਭਰੇ ਪਏ ਹਨ।

ਇਨ੍ਹਾਂ ਸਾਰੀਆਂ ਗੱਲਾਂ ਕਰਕੇ ਹਾਕਮ ਹਲਕੇ ਧਰਮ ਅਤੇ ਵਿਚਾਰਧਾਰਾ ਨੂੰ ਲੋਕਾਂ ਵਿਚ ਫੁਟ ਪਾਉਣ ਲਈ ਅਤੇ ਉਨ੍ਹਾਂ ਉਤੇ ਹਮਲੇ ਕਰਨ ਲਈ ਵਰਤ ਰਹੇ ਹਨ। ਲੋਕਾਂ ਨੂੰ ਮਜਹਬ, ਇਲਾਕੇ, ਬੋਲੀ ਅਤੇ ਜਾਤਪਾਤ ਦੇ ਅਧਾਰ ਤੇ ਵੰਡਣ ਦੇ ਨਾਲ ਨਾਲ ਨਰਮ-ਪੱਖੀ ਤੇ ਗਰਮ-ਪੱਖੀ ਅਤੇ ਸੈਕੂਲਰ ਤੇ ਹਠਧਰਮੀ ਦੇ ਠੱਪੇ ਲਾਕੇ ਵੀ ਲੋਕਾਂ ਨੂੰ ਪਾੜਿਆ ਜਾ ਰਿਹਾ ਹੈ। ਲੋਕਾਂ ਵਿਚ ਪਾਈ ਜਾ ਰਹੀ ਇਹ ਸਾਰੀ ਵੰਡ ਉਨ੍ਹਾਂ ਦੀ ਤਾਕਤ ਨੂੰ ਘਟਾਉਂਦੀ ਹੈ ਤੇ ਇਕ ਇਜ਼ਤ ਵਾਲੀ ਜ਼ਿੰਦਗੀ ਜੀਣ ਦੀ ਜਦੋਜਹਿਦ ਨੂੰ ਕਮਜ਼ੋਰ ਕਰਦੀ ਹੈ।

ਇਥੇ ਸਵਾਲ ਉਠਾਇਆ ਜਾ ਸਕਦਾ ਹੈ ਕਿ ਹਾਕਮ ਦਾਇਰੇ ਲੋਕਾਂ ਵਿਚ ਇਸ ਤਰ੍ਹਾਂ ਦੀ ਫੁਟ ਪਾਏ ਬਗੈਰ ਰਾਜ ਕਿਉਂ ਨਹੀਂ ਕਰ ਸਕਦੇ? ਇਸ ਦੀ ਇਕ ਵਜਾਹ ਇਹ ਹੈ ਕਿ ਇਨ੍ਹਾਂ ਦਾ ਆਰਥਕ ਸਿਸਟਮ ਇਨ੍ਹਾਂ ਦੇ ਆਪਸੀ ਅਤੇ ਦੂਸਰਿਆਂ ਨਾਲ ਮੁਕਾਬਲੇ ਉਤੇ ਅਧਾਰਤ ਹੈ। ਇਹ ਆਪੋ ਆਪਣੇ ਮੁਫ਼ਾਦਾਂ ਲਈ ਆਪਸ ਵਿਚ ਵੀ ਖਹਿਬੜ ਪੈਂਦੇ ਹਨ ਤੇ ਸਟੇਟ ਉਤੇ ਕਬਜ਼ਾ ਕਰਨ ਦੇ ਆਪਸੀ ਮੁਕਾਬਲੇ ਵਿਚ ਵੋਟਾਂ ਹਾਸਲ ਕਰਨ ਲਈ ਇਹ ਧਰਮ, ਜ਼ੁਬਾਨ, ਇਲਾਕਾਵਾਦ, ਫਿਰਕਾਪ੍ਰਸਤੀ ਆਦਿ ਹਰ ਤਰ੍ਹਾਂ ਦਾ ਹਰਬ ਵਰਤਦੇ ਹਨ। ਲੋਕਾਂ ਵਿਚ ਫੁਟ ਪਾਕੇ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਫਿਰਕੂ ਹਿੰਸਾ ਦਾ ਹਥਿਆਰ ਇਨ੍ਹਾਂ ਨੇ ਚੰਗੀ ਤਰ੍ਹਾਂ ਪਰਖਿਆ ਹੋਇਆ ਹੈ। ਇਸ ਨੂੰ ਵਰਤਣਾ ਇਨ੍ਹਾਂ ਦੀ ਇਕ ਲੋੜ ਹੈ। ਮੌਜੂਦਾ ਹਾਲਾਤ ਵਿਚ ਇਹ ਹਥਿਆਰ ਵਰਤੇ ਬਗੈਰ ਇਨ੍ਹਾਂ ਦਾ ਰਾਜ ਚਲਦਾ ਨਹੀਂ ਰਹਿ ਸਕਦਾ। ਜੇ ਸ਼ਹਿਰਾਂ ਅਤੇ ਪਿੰਡਾਂ ਵਿਚ ਲੋਕਾਂ ਦਾ ਏਕਾ ਹੋ ਜਾਂਦਾ ਹੈ ਤਾਂ ਇਨ੍ਹਾਂ ਦੇ ਰਾਜ ਨੂੰ ਖ਼ਤਰਾ ਪੈਦਾ ਹੁੰਦਾ ਹੈ। ਇਸ ਕਰਕੇ ਆਪਣੇ ਮੁਰਸ਼ਦ ਅੰਗਰੇਜ਼ਾਂ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ ਇਨ੍ਹਾਂ ਨੇ ਪੂਰੀ ਤਰ੍ਹਾਂ ਅਪਣਾ ਹੀ ਨਹੀਂ ਲਈ ਬਲਕਿ ਹੋਰ ਪਰਬੀਨ ਕਰ ਲਈ ਹੈ।

## *੨. ਪੋਟੋ (ਪਰਵੈਨਸ਼ਨ ਆਫ਼ ਟੈਰਰਿਜ਼ਮ ਐਕਟ) ਦੇ ਖ਼ਿਲਾਫ਼ ਲਹਿਰ ਨੂੰ ਕਮਜ਼ੋਰ ਕਰਨਾ।*

ਸਟੇਟ ਦਹਿਸ਼ਤਗਰਦੀ ਅਤੇ ਕਾਲੇ ਕਾਨੂੰਨ ਪੋਟੋ ਦੀ ਮੁਖ਼ਾਲਫ਼ਤ ਸਾਰੇ ਪਾਸਿਆਂ ਤੋਂ ਹੋ ਰਹੀ ਹੈ। ਨਸਲੀ ਹਿੰਸਾ ਇਸ ਮੁਖਾਲਫ਼ਤ ਵਲੋਂ ਧਿਆਨ ਪਰ੍ਹੇ ਕਰਦੀ ਹੈ ਅਤੇ ਸਿਆਸੀ ਤੇ ਆਰਥਕ ਮਸਲਿਆਂ ਨੂੰ ਅਮਨ ਕਾਨੂੰਨ ਦੇ ਮਸਲੇ ਬਣਾਉਣ ਵਿਚ ਸਟੇਟ ਦੀ ਮੱਦਦ ਕਰਦੀ ਹੈ। ਮਿਸਾਲ ਦੇ ਤੌਰ ਤੇ ਪਿਛਲੇ ਸਾਲਾਂ ਵਿਚ ਟਾਡਾ ਨੂੰ ਗੁਜਰਾਤ ਵਿਚ ਵਰਤਕੇ ਹਜ਼ਾਰਾਂ ਲੋਕ ਜਿਹਲਾਂ ਵਿਚ ਪਾਏ ਗਏ ਸਨ ਪਰ ਲੋਕਾਂ ਵਲੋਂ ਇਸ ਕਾਲੇ ਕਾਨੂੰਨ ਦੀ ਸਖ਼ਤ ਵਿਰੋਧਤਾ ਹੋਣ ਕਰਕੇ ਇਸ ਨੂੰ ਨਵਿਆਇਆ ਨਹੀਂ ਜਾ ਸਕਿਆ। ਹੁਣ ਇਸ ਦਾ ਅਵਤਾਰ ਪੋਟੋ ਨੂੰ ਬਣਾਇਆ ਗਿਆ ਹੈ। ਜਿਸ ਵੇਲੇ ਗੁਜਰਾਤ ਫਿਰਕੂ ਹਿੰਸਾ ਅਤੇ ਦੰਗਿਆਂ ਦੀ ਜ਼ਦ ਵਿਚ ਲਪੇਟਿਆ ਗਿਆ ਉਸੇ ਸਮੇਂ ਦੌਰਾਨ ਪਾਰਲੀਮੈਂਟ ਵਿਚ ਪੋਟੋ ਪਾਸ ਕਰ ਦਿਤਾ ਗਿਆ।

## *੩. ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਪਰ੍ਹੇ ਕਰਨਾਂ।*

ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਪਰ੍ਹੇ ਕਰਨ ਲਈ ਫਿਰਕੂ ਹਿੰਸਾ ਤੋਂ ਵਧੀਆ ਹੋਰ ਕੀ ਹਥਿਆਰ ਹੋ ਸਕਦਾ ਹੈ? ਲੋਕਾਂ ਵਿਚ ਫੁਟ ਪਾਉਣ ਦਾ ਲਾਭ ਤਾਂ ਹੀ ਹੈ ਜੇ ਉਨ੍ਹਾਂ ਨੂੰ ਗੁਮਰਾਹ ਵੀ ਕੀਤਾ ਜਾ ਸਕੇ। ਕਤਲੋਗਾਰਤ ਦੀ ਸਿਆਸਤ, ਫਿਰਕੂ ਹਿੰਸਾ, ਅਰਾਜਕਤਾ ਅਤੇ ਅਪਰਾਧੀਕਰਣ ਹਾਕਮ ਦਾਇਰਿਆਂ ਦੀ ਮੱਦਦ ਕਰਦਾ ਹੈ ਲੋਕਾਂ ਨੂੰ ਭੰਬਲਭੂਸੇ ਵਿਚ ਪਾਉਣ ਵਿਚ। ਲੋਕਾਂ ਨੂੰ ਦਹਿਸ਼ਤਜ਼ਦਾ ਕਰਕੇ, ਉਨ੍ਹਾਂ ਵਿਚ ਕਸ਼ੀਦਗੀ ਖੜੀ ਕਰਕੇ, ਉਨ੍ਹਾਂ ਨੂੰ ਪੁਠੇ ਪਾਸੇ ਲਾਕੇ, ਉਹ ਲੋਕਾਂ ਨੂੰ ਸਿਆਸਤ ਵਿਚ ਪੈਣ ਤੋਂ ਹੋੜਦੇ ਹਨ। ਇਸ ਤਰ੍ਹਾਂ ਦੀ ਅਵਸਥਾ ਵਿਚ ਲੋਕਾਂ ਨੂੰ ਸਿਆਸਤਹੀਣ ਕਰਨ ਲਈ ਉਹ ਸਟੇਟ ਦੇ ਭਿੰਨ ਭਿਨ ਅਦਾਰਿਆਂ ਬਾਰੇ ਵੀ ਭੁਲੇਖੇ ਖੜੇ ਕਰਦੇ ਹਨ ਕਿ ਫਲਾਣਾਂ ਅਦਾਰਾ ਵਧੀਆ ਹੈ ਤੇ ਢਮਕਾਣਾਂ ਮਾੜਾ ਹੈ ਜਾਂ ਇਹ ਸਿਆਸੀ ਪਾਰਟੀ ਮਾੜੀ ਹੈ ਤੇ ਉਹ ਚੰਗੀ ਹੈ, ਜਾਂ ਹਾਕਮ ਦਾਇਰਿਆਂ ਦੀ ਫਲਾਣੀ ਪਾਰਟੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਹੈ, ਆਦਿ ਆਦਿ। ਮਿਸਾਲ ਦੇ ਤੌਰ ਤੇ ਅਯੁਧਿਆ ਦੇ ਮੰਦਰ ਦਾ ਕੇਸ ਸੁਪਰੀਮ ਕੋਰਟ ਦੇ ਹਵਾਲੇ ਕਰਕੇ ਵਾਜਪਾਈ ਦੀ ਸਰਕਾਰ ਆਪਣੇ ਆਪ ਨੂੰ ਸੁਰਖ਼ਰੂ ਹੋ ਗਈ ਸਮਝਦੀ ਹੈ। ਤੇ ਫਿਰ ਇਹੋ ਜਿਹੇ ਵੀ ਹਨ ਜੋ ਸੁਪਰੀਮ ਕੋਰਟ ਦੇ ੧੨ ਮਾਰਚ ਦੇ ਫੈਸਲੇ ਦੀ ਸਿਫ਼ਤ ਕਰਦੇ ਨਹੀਂ ਥੱਕਦੇ ਅਤੇ ਲੋਕਾਂ ਨੂੰ ਆਪਣੇ ਹੱਕਾਂ ਲਈ ਜਦੋਜਹਿਦ ਕਰਨ ਲਈ ਉਤਸ਼ਾਹ ਦੇਣ ਦੀ ਥਾਂ ਉਨ੍ਹਾਂ ਵਿਚ ਭਰਮ ਪੈਦਾ ਕਰਦੇ ਹਨ ਕਿ ਸ਼ਾਇਦ ਸੁਪਰੀਮ ਕੋਰਟ ਉਨ੍ਹਾਂ ਦੇ ਹਿਤਾਂ ਦੀ ਰਾਖੀ ਕਰੇਗੀ। ਇਸ ਨਾਲ ਵੀ ਲੋਕ ਸਿਆਸਤਹੀਣ ਹੁੰਦੇ ਹਨ। ਜਦੋਂ ਲੋਕ ਸਿਆਸਤਹੀਣ ਹੋ ਜਾਣ ਤਾਂ ਹਾਕਮ ਦਾਇਰੇ ਜੋ ਜੀ ਆਵੇ ਕਰਨ ਦੇ ਸਮਰੱਥ ਹੋ ਜਾਂਦੇ ਹਨ ਅਤੇ ਇਸ ਕਸ਼ੀਦਗੀ ਦੇ ਮਾਹੌਲ ਵਿਚ ਸਟੇਟ ਦੇ ਵਰਦੀਆਂ ਵਾਲੇ ਅਤੇ ਵਰਦੀਆਂ ਤੋਂ ਬਗੈਰ ਸੇਵਕ ਲੋਕਾਂ ਵਿਚ ਦਹਿਸ਼ਤ ਪੈਦਾ ਕਰਦੇ ਹਨ ਤੇ ਉਨ੍ਹਾਂ ਨੂੰ ਨਸਲੀ ਹਿੰਸਾ ਦਾ ਸ਼ਿਕਾਰ ਬਣਾਉਂਦੇ ਹਨ।

## *੪. ਸਟੇਟ ਮਸ਼ੀਨਰੀ ਅਤੇ ਵਸੀਲਿਆਂ ਨੂੰ ਹਥਿਆਉਣ ਲਈ ਹਾਕਮ ਦਾਇਰਿਆਂ ਦੇ ਆਪਸੀ ਮੁਕਾਬਲੇ ਵਿਚ ਨਸਲੀ ਹਿੰਸਾ ਦੀ ਵਰਤੋਂ*

ਹਾਕਮ ਜਮਾਤਾਂ ਅਤੇ ਇਨ੍ਹਾਂ ਦੀਆਂ ਹਮਾਇਤੀ ਮੱਧਵਰਗੀ ਸ਼ਰੇਣੀਆਂ ਵੋਟਾਂ ਹਥਿਆਉਣ ਲਈ ਧਰਮ, ਬੋਲੀ, ਜਾਤਪਾਤ ਅਤੇ ਲੋਕਾਂ ਵਿਚਲੇ ਹੋਰ ਵਖਰੇਵਿਆਂ ਨੂੰ ਆਪਣੇ ਵੋਟ ਬੈਂਕ ਪੱਕੇ ਕਰਨ ਲਈ ਵਰਤਦੀਆਂ ਹਨ ਤੇ ਆਪਣੇ ਪੈਰ ਪੱਕੇ ਕਰਨ ਲਈ ਲੋਕਾਂ ਵਿਚ ਆਪਸੀ ਨਫ਼ਰਤ ਭੜਕਾਉਂਦੀਆਂ ਹਨ। ਮਿਸਾਲ ਦੇ ਤੌਰ ਤੇ ਬਿਹਾਰ ਤੇ ਉਤਰ ਪ੍ਰਦੇਸ਼ ਵਿਚ ਕਈ ਪਾਰਟੀਆਂ ਚੋਣਾਂ ਵਿਚ ਆਪਣੀ ਸਥਿਤੀ ਮਜ਼ਬੂਤ ਕਰਨ ਲਈ ਜਾਤਪਾਤ ਦਾ ਪੱਤਾ ਖੇਡ ਰਹਿਆਂ ਹਨ। ਪਛੜੀਆਂ ਜਾਤੀਆਂ ਦੀ ਨੁਮਾਇੰਦਗੀ ਕਰਨ ਦੇ ਦਾਅਵੇ ਕਰਨ ਵਾਲੀਆਂ ਕਈ ਪਾਰਟੀਆਂ ਵੀ ਇਹੋ ਹਰਬਾ ਵਰਤ ਰਹੀਆਂ ਹਨ। ਇਸੇ ਤਰ੍ਹਾਂ ਹੋਰ ਰਾਜਾਂ ਵਿਚ ਵੀ ਸਟੇਟ ਲੈਵਲ ਦਿਆਂ ਪਾਰਟਿਆਂ ਵੀ ਗੱਦੀ ਹਾਸਲ ਕਰਨ ਲਈ ਫਿਰਕਾਪ੍ਰਸਤੀ ਦਾ ਆਸਰਾ ਲੈਂਦੀਆਂ ਹਨ।

### *੫. ਦੁਨੀਆਂ ਵਿਚ ਆਪਣੀ ਧੌਂਸ ਜਮਾਉਣ ਲਈ ਅਤੇ ਏਸ਼ੀਆ ਨੂੰ ਆਪਣੇ ਗਲਬੇ ਹੇਠ ਲਿਆਉਣ ਦੀ ਅਮਰੀਕੀ ਸਕੀਮ*

ਹਿੰਦੋਸਤਾਨ ਅੰਦਰ ਅਰਾਜਕਤਾ ਅਤੇ ਹਿੰਸਾ ਅਮਰੀਕਾ ਲਈ ਵੀ ਬੜੀ ਮੁਫ਼ੀਦ ਹੈ। ਆਪਣੇ ਪੈਰ ਪਸਾਰਨ ਲਈ ਉਹ ਵੀ ਇੰਡੀਅਨ ਸਟੇਟ ਦੀ ਦਹਿਸ਼ਗਰਦੀ ਅਤੇ ਹਿੰਸਾ ਦੀ ਹਮੈਤ ਕਰਦੇ ਹਨ ਤੇ ਇਡੀਅਨ ਸਟੇਟ ਤੋਂ ਕਈ ਤਰ੍ਹਾਂ ਦੀਆਂ ਰਿਆਇਤਾਂ ਹਾਸਲ ਕਰਦੇ ਹਨ। ਸਾਮਰਾਜੀਆਂ ਲਈ ਫਿਰਕੂ ਪੱਤਾ ਖੇਡਣਾ ਫ਼ਾਇਦੇਮੰਦ ਹੈ ਕਿਉਂਕਿ ਉਹ ਪਾਸਿਤਾਨ ਅਤੇ ਚੀਨ ਦੇ ਖ਼ਿਲਾਫ਼ ਹਿੰਦੂ ਇੰਡੀਆ ਨੂੰ ਵਰਤਣ ਦੀ ਸਕੀਮ ਬਣਾਈ ਫਿਰਦੇ ਹਨ। ਇਸ ਕਰਕੇ ਫਿਰਕੂਪੁਣੇ ਦੀ ਸਿਆਸਤ ਉਨ੍ਹਾਂ ਲਈ ਲਾਭਕਾਰੀ ਹੈ।

# ਇਸ ਦਾ ਹੱਲ ਕੀ ਹੈ?

ਹਿੰਦੋਸਤਾਨੀ ਸਮਾਜ ਦਾ ਜਮਹੂਰੀ ਨਵੀਨੀਕਰਣ ਅਤੇ ਲੋਕਾਂ ਦੀ ਤਾਕਤ ਅੱਗੇ ਵਧਣ ਦਾ ਤਰੀਕਾ ਹੈ ਇਹ ਸਾਫ਼ ਹੈ ਕਿ ਹਿੰਦੋਸਤਾਨ ਦੀ ਸਟੇਟ ਲੋਕਾਂ ਦੀ ਅਤੇ ਲੋਕਾਂ ਦੇ ਹਿਤਾਂ ਦੀ ਹਿਫ਼ਾਜ਼ਤ ਕਰਨ ਦੇ ਕਾਬਲ ਨਹੀ ਇਸ ਲਈ ਲੋਕਾਂ ਨੂੰ ਇਹ ਕੰਮ ਆਪਣੇ ਹੱਥਾਂ ਵਿਚ ਲੈਣਾਂ ਪਵੇਗਾ। ਇਸ ਪੱਖੋਂ ਅਹਿਮਦਾਬਾਦ ਵਿਚ ਰਾਮ-ਰਹੀਮ ਨਗਰ ਦੀ ਮਿਸਾਲ ਤੇ ਚਲਣ ਦੀ ਲੋੜ ਹੈ ਜਿਥੇ ੩੦,੦੦੦ ਹਿੰਦੂਆਂ ਤੇ ਮੁਸਲਮਾਨਾਂ ਦੀ ਵਸੋਂ ਰਹਿੰਦੀ ਹੈ ਅਤੇ ਪਿਛਲੇ ਤੀਹ ਸਾਲਾਂ ਵਿਚ ਕਦੇ ਫਿਰਕੂ ਫਸਾਦ ਨਹੀਂ ਹੋਏ ਕਿਉਂਕਿ ਲੋਕ ਆਪਣੀ ਰਾਖੀ ਆਪ ਕਰਨ ਲਈ ਤਨਜ਼ੀਮਬੰਦ ਹਨ ਤੇ ਪਿਛਲੇ ਸਾਲਾਂ ਵਿਚ ਉਨ੍ਹਾਂ ਨੇ ਕਦੇ ਕੋਈ ਫਿਰਕੂ ਵਾਕਿਆ ਨਹੀਂ ਹੋਣ ਦਿਤਾ। ਬਾਕੀ ਹਿੰਦੋਸਤਾਨ ਦੇ ਲੋਕਾਂ ਨੂੰ ਇਹ ਰਾਹ ਅਖਤਿਆਰ ਕਰਨ ਦੀ ਲੋੜ ਹੈ।
ਇਸ ਵੇਲੇ ਮੌਜੂਦ ਹਿੰਦੋਸਤਾਨੀ ਸਟੇਟ, ਸਿਆਸੀ ਪਰਨਾਲੀ ਅਤੇ ਸਾਰੇ ਅਦਾਰੇ ਨਵਿਆਉਣ ਦੀ ਲੋੜ ਹੈ ਤੇ ਜੇ ਲੋਕ ਖੁਦ ਇਹ ਕੰਮ ਕਰਨਗੇ ਤਾਂ ਹੀ ਮੌਜੂਦਾ ਸੰਕਟ ਉਨ੍ਹਾਂ ਦੇ ਹੱਕ ਵਿਚ ਜਾਵੇਗਾ। ਜਿੰਨਾ ਚਿਰ ਹਿੰਦਸਤਾਨ ਦਾ ਜਮਹੂਰੀ ਨਵੀਨੀਕਰਣ ਨਹੀਂ ਹੁੰਦਾ ਇਕ ਦੇ ਬਾਅਦ ਦੂਸਰਾ ਸੰਕਟ ਖੜਾ ਹੁੰਦਾ ਰਹੇਗਾ ਤੇ ਲੋਕਾਂ ਦੇ ਖ਼ੂਨ ਦੀਆਂ ਨਦੀਆਂ ਵਹਿੰਦੀਆਂ ਰਹਿਣਗੀਆਂ।
ਇਹ ਸੰਕਟ ਇਹ ਵਿਖਾਲਦਾ ਹੈ ਕਿ ਬਰਤਾਨਵੀਆਂ ਅਤੇ ਉਨ੍ਹਾਂ ਦੇ ਭਾਈਵਾਲਾਂ ਵਲੋਂ ਹਿੰਦੋਸਤਾਨ ਉਤੇ ਮੜ੍ਹੀ ਗਈ ਯੂਰਪ ਦੀ ਨੁਮਾਇੰਦਾ ਤਰਜ਼ ਦੀ ਜਮਹੂਰੀਅਤ ਲੋਕਾਂ ਤੋਂ ਤਾਕਤ ਲਾਂਭੇ ਰੱਖਣ ਦਾ ਇਕ ਹਥਿਆਰ ਹੈ ਤੇ ਸਿਆਸਤ ਵਿਚ ਅਪਰਾਧ ਦਾ ਬੋਲਬਾਲਾ ਕਰਨ ਦਾ ਵਸੀਲਾ ਹੈ। ਲੋਕਾਂ ਨੂੰ ਇਕੱਠੇ ਹੋਕੇ ਖੁਦ ਆਪ ਆਪਣਾ ਰਾਜ ਕਰਨ ਦਾ ਸਿਧਾਂਤ ਅਤੇ ਸਿਸਟਮ ਘੜਨਾ ਚਾਹੀਦਾ ਹੈ। ਹਿੰਦੋਸਤਾਨੀ ਲੋਕਾਂ ਦੀਆਂ ਸਦੀਆਂ ਦੀ ਸਿਆਣਪ ਦਰਸਾਉਂਦੀ ਹੈ ਕਿ ਸਭ ਦੇ ਭਲੇ, ਸੁਖ, ਖੁਸ਼ਹਾਲੀ ਅਤੇ ਸੁਰੱਖਿਆ ਦੀ ਗਰੰਟੀ ਦੇਣ ਵਾਲਾ ਸਿਸਟਮ ਹੀ ਸਾਡੇ ਲੋਕਾਂ ਦੇ ਮਸਲੇ ਹੱਲ ਕਰ ਸਕਦਾ ਹੈ। ਇਸ ਤੋਂ ਘੱਟ ਗਲ ਨਹੀਂ ਬਣ ਸਕਦੀ।

ਕਈਆਂ ਨੂੰ ਹਾਲੇ ਵੀ ਬੀਤੇ ਚੁਕੇ ਦਾ ਹੇਰਵਾ ਹੈ ਅਤੇ ਉਹ ਖ਼ੁਸ਼ਫਹਿਮੀ ਰੱਖਦੇ ਹਨ ਕਿ ਜੇ "ਸੈਕੂਲਰ ਤੇ ਸੋਸ਼ਲਿਸਟ ਇੰਡੀਆ" ਦਾ ਪੁਰਾਣਾ ਨਹਿਰੂ ਵਾਲਾ ਸਿਸਟਮ ਪਰਤ ਆਵੇ ਤਾਂ ਸਾਰੇ ਮਸਲੇ ਹੱਲ ਹੋ ਜਾਣਗੇ। ਪਰ ਇਹ ਸਿਰਫ਼ ਖ਼ੁਸ਼ਫਹਿਮੀ ਹੀ ਹੈ। ਬੀਤਿਆ ਸਮਾਂ ਵਾਪਸ ਆਉਣ ਵਾਲਾ ਨਹੀਂ। ਜੋ ਤਬਦੀਲੀਆਂ ਹੋ ਚੁਕੀਆਂ ਹਨ ਉਹ ਪਿਛੇ ਮੁੜਨ ਵਾਲੀਆਂ ਨਹੀਂ। ਇਸ ਤਰ੍ਹਾਂ ਦੀ ਪਿਛਲਝਾਕ ਸਾਡੀ ਕੋਈ ਸਹਾਇਤਾ ਨਹੀਂ ਕਰ ਸਕਦੀ। ਇਸ ਵੇਲੇ ਸਾਨੂੰ ਉਨ੍ਹਾਂ ਸਾਰੀਆਂ ਤਾਕਤਾਂ ਦਾ ਏਕਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਹਿੰਦੋਸਤਾਨੀ ਸਟੇਟ ਦੀ ਫਿਰਕੂ ਹਿੰਸਾ ਦੇ ਮੁਖ਼ਾਲਫ਼ ਹਨ ਚਾਹੇ ਉਨ੍ਹਾਂ ਦੇ ਸਿਆਸੀ ਖਿਆਲ ਜਾਂ ਤੁਅੱਲਕਾਤ ਕਿਸੇ ਨਾਲ ਵੀ ਹੋਣ। ਲੋਕਾਂ ਨੂੰ ਇਸ ਜਾਂ ਉਸ "ਇਜ਼ਮ" ਦੇ ਅਧਾਰ ਤੇ ਆਪਸ ਵਿਚ ਬਿਲਕੁਲ ਨਹੀਂ ਪਾਟਣਾਂ ਚਾਹੀਦਾ।

ਫਿਰਕਾਪ੍ਰਸਤੀ, ਹਿੰਸਾ ਅਤੇ ਦਹਿਸ਼ਤ, ਅਤੇ ਮਸਲਿਆਂ ਦਾ ਸਿਆਸੀ ਹੱਲ ਲੱਭਣ ਤੋਂ ਇਨਕਾਰੀ ਹੋਣਾਂ ਇਸ ਸੋਚੇ ਸਮਝੇ ਪਲੈਨ ਦਾ ਹਿਸਾ ਹਨ ਕਿ ਹਿੰਦੋਸਤਾਨ ਦੀ ਸਟੇਟ ਦੀ ਵਰਤੋਂ ਅਮੀਰਾਂ ਦੇ ਮੁਨਾਫ਼ੇ ਬਰਕਰਾਰ ਰੱਖਣ ਤੇ ਵਧਾਉਣ ਲਈ ਅਤੇ ਇਸ ਨਿਜ਼ਾਮ ਨੂੰ ਚਾਲੂ ਰੱਖਣ ਲਈ ਅਤੇ "ਪੱਛਮ" ਦੀ ਮੱਦਦ ਨਾਲ ਸੰਸਾਰ ਪੱਧਰ ਤੇ ਇਕ ਵੱਡੀ ਸ਼ਕਤੀ ਬਣ ਕੇ ਉਭਰਨ ਲਈ ਕੀਤੀ ਜਾਂਦੀ ਰਹੇ। ਇਸਤੋਂ ਸਿਰਫ਼ ਹਿੰਦੋਸਤਾਨ ਦੇ ਲੋਕਾਂ ਲਈ ਹੀ ਖ਼ਤਰਾ ਪੈਦਾ ਨਹੀਂ ਹੋ ਰਿਹਾ ਬਲਕਿ ਗਵਾਂਢੀ ਮੁਲਕ ਵੀ ਇਸ ਖ਼ਤਰੇ ਤੋਂ ਬਚ ਨਹੀਂ ਸਕਦੇ। ਇਸ ਲਈ ਹੁਣ ਢੁਕਵਾਂ ਮੌਕਾ ਹੈ ਕਿ ਹਿੰਦੋਸਤਾਨੀ ਸਟੇਟ ਦੀ ਫਿਰਕਾਪ੍ਰਸਤੀ ਅਤੇ ਦਹਿਸ਼ਤਗਰਦੀ ਦੇ ਖ਼ਿਲਾਫ਼ ਸਾਰਿਆਂ ਦਾ ਏਕਾ ਕੀਤਾ ਜਾਵੇ।